R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਬੁੱਧਵਾਰ, 19 ਨਵੰਬਰ - 2024
ਅੰਕ (Volume No.) 11
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ
ਸ੍ਰੀ ਮੁਕਤਸਰ ਸਾਹਿਬ
Weekly PUNJAB DA KHULASA

**ਪੱਤਰਕਾਰਾਂ ਦੀ ਲੋੜ**
*40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖਬਾਰ*
**ਪੰਜਾਬ ਦਾ ਖੁਲਾਸਾ**
*ਨੂੰ ਵੱਖ-ਵੱਖ ਜਿਲ੍ਹਿਆਂ ਵਿਚੋਂ ਜਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ*
ਸੰਪਰਕ
62803-56564

ਸੰਪਾਦਕ : ਅਸ਼ੋਕ ਭਾਰਦਵਾਜ
ਸਹਿ ਸੰਪਾਦਕ ਰਣਜੀਤ ਸਿੰਘ ਚੰਦੀ

www.punjabdakhulasa.in
ww. facbook.com/punjabdakhulasa
E.mail.punjabdakhulasa1313@gmail.com

## ਕਪੂਰਥਲਾ ਸੁਲਤਾਨਪੁਰ ਲੋਧੀ ਰੋਡ ਤੇ ਦੋ ਕਾਰਾਂ ਦੀ ਟੱਕਰ, ਇੱਕ ਦੀ ਮੌਤ ਅਤੇ ਇੱਕ ਜ਼ਖਮੀ

ਪੰਜਾਬ ਦਾ ਖੁਲਾਸਾ

**ਕਪੂਰਥਲਾ , 24 ਨਵੰਬਰ (ਕੌੜਾ)**- ਦੁਪਹਿਰ ਕਰੀਬ 1.30 ਤੋਂ 2 ਵਜੇ ਦੇ ਕਰੀਬ ਪਿੰਡ ਡਡਵਿੰਡੀ ਦੀ ਪੀਰ ਮਹਾਂਬਲੀ ਦੀ ਜਗ੍ਹਾ ਦੇ ਕੋਲ ਦੋ ਕਾਰਾਂ ਦੀ ਟੱਕਰ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋਣ ਅਤੇ ਇਕ ਦਾ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮਾਸਟਰ ਬਲਦੇਵ ਸਿੰਘ ਟੀਟਾ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਪਾਜੀਆਂ ਆਪਣੀ ਕਰੇਟਾ ਗੱਡੀ ਨੰਬਰ ਪੀਬੀ 09 ਏ ਪੀ 3557 ਤੇ ਸੁਲਤਾਨਪੁਰ ਲੋਧੀ ਤੋਂ ਪਿੰਡ ਪਾਜੀਆਂ ਵਿਖੇ ਆ ਰਿਹਾ ਸੀ ਤਾਂ ਸੁਲਤਾਨਪੁਰ ਲੋਧੀ ਤੋਂ ਹੀ ਪਿੱਛਿਓਂ



ਆ ਰਹੀ ਬ੍ਰੀਜ਼ਾ ਗੱਡੀ ਨੰਬਰ ਪੀਬੀ 08 ਡੀ ਜ਼ੈਡ 5878 ਜਿਸਨੂੰ ਜਸਵਿੰਦਰ ਸਿੰਘ ਥਿੰਦ ਉਮਰ 50 ਸਾਲ ਪੁੱਤਰ ਦਰਸ਼ਨ ਸਿੰਘ ਵਾਸੀ ਨਿਊ ਆਬਾਦੀ ਅੱਲਾ ਦਾਦ ਚੱਕ ਚਲਾ ਰਿਹਾ ਸੀ ਆ ਕੇ ਵੱਜੀ। ਜਿਸ ਨਾਲ ਕਾਰ ਪਲਟੀਆਂ ਖਾਂਦੀ ਹੋਈ ਸੜਕ ਕਿਨਾਰੇ ਖੜ੍ਹੇ ਦਰੱਖਤ ਨਾਲ ਟਕਰਾ ਗਈ। ਮੌਕੇ ਤੇ ਰਾਹਗੀਰਾਂ ਨੇ ਬੜੀ ਮੁਸ਼ਕਿਲ ਨਾਲ ਜਸਵਿੰਦਰ ਸਿੰਘ ਥਿੰਦ ਅਤੇ ਨਾਲ ਬੈਠੀ ਉਸਦੀ ਪਤਨੀ ਸੰਦੀਪ ਕੌਰ ਉਮਰ 42 ਸਾਲ ਨੂੰ ਗੰਭੀਰ ਹਾਲਤ ਵਿੱਚ ਗੱਡੀ ਵਿੱਚੋ ਬਾਹਰ ਕੱਢ ਕੇ ਪਹਿਲਾ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਲਿਜਾਇਆ ਗਿਆ । ਜਿਥੋਂ ਉਹਨਾਂ ਨੂੰ ਸਿਵਿਲ ਹਸਪਤਾਲ ਕਪੂਰਥਲਾ ਵਿਖੇ ਰੈਫਰ ਕਰ ਦਿੱਤਾ ਗਿਆ ਅਤੇ ਜਿੱਥੇ ਰਾਸਤੇ ਵਿੱਚ ਹੀ ਉਸਦੀ ਮੌਤ ਹੋ ਗਈ। ਬਲਦੇਵ ਸਿੰਘ ਦੇ ਮਾਮੂਲੀ ਸੱਟਾਂ ਲੱਗੀਆਂ ਹਨ।

## ਕਲਯੁੱਗੀ ਪਤਨੀ ਨੇ ਆਪਣੇ ਦੋਸਤ ਨਾਲ ਮਿਲ ਕੇ ਪਤੀ ਦਾ ਕਤਲ ਕਰਕੇ ਲਾਸ਼ ਨੂੰ ਟੋਏ ਵਿੱਚ ਦੱਬਿਆ

### ਦੋਵਾਂ ਔਰਤਾਂ ਦੇ ਆਪਸੀ ਗਹਿਰੀ ਦੋਸਤੀ, ਮ੍ਰਿਤਕ ਨੂੰ ਸੀ ਇਤਰਾਜ਼

ਪੰਜਾਬ ਦਾ ਖੁਲਾਸਾ

**ਰਾਮਾਂ ਮੰਡੀ, 24 ਨਵੰਬਰ (ਅਸ਼ੋਕ ਕੁਮਾਰ)** : ਸ਼ਹਿਰ ਦੇ ਨੇੜਲੇ ਪਿੰਡ ਗਾਟਵਾਲੀ ਵਿੱਚ ਇੱਕ ਵਿਅਕਤੀ ਦਾ ਕਤਲ ਕਰਕੇ ਲਾਸ਼ ਨੂੰ ਆਪਣੇ ਘਰ ਵਿੱਚ ਹੀ ਟੋਏ ਵਿੱਚ ਦੱਬਣ ਦੀ ਸਨਸਨੀਖ਼ੇਜ਼ ਖ਼ਬਰ ਮਿਲੀ ਹੈ। ਗ਼ੌਰਤਲਬ ਹੈ ਕਿ ਇਲਾਕਾ ਤਲਵੰਡੀ ਸਾਬੋ ਦਾ ਰਹਿਣ ਵਾਲਾ ਬਲਬੀਰ ਸਿੰਘ ਨਾਂਅ ਦਾ ਵਿਅਕਤੀ 18 ਨਵੰਬਰ ਤੋਂ ਲਾਪਤਾ ਚੱਲ ਰਿਹਾ ਸੀ, ਜਿਸ ਤੋਂ ਬਾਅਦ ਲਾਪਤਾ ਦੇ ਭਰਾ ਨੇ ਇਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਪੁਲਿਸ ਨੇ ਪਹਿਲਾਂ ਵੀ ਅਗਵਾ ਦਾ ਮਾਮਲਾ ਦਰਜ ਕੀਤਾ ਸੀ। ਪੁਲਿਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ



ਕੀਤੀ ਗਈ ਅਤੇ ਮ੍ਰਿਤਕ ਵਿਅਕਤੀ ਦੀ ਪਤਨੀ ਸੁਖਵੀਰ ਕੌਰ ਅਤੇ ਔਰਤ ਦੀ ਸਹੇਲੀ ਗੁਰਪ੍ਰੀਤ ਕੌਰ ਵਾਸੀ ਪਿੰਡ ਗਾਟਵਾਲੀ ਤੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ, ਜਿਸ ਤੋਂ ਬਾਅਦ ਦੋਵਾਂ ਨੇ ਬਲਬੀਰ ਸਿੰਘ ਦੇ ਕਤਲ ਦੀ ਗੱਲ ਕਬੂਲ ਕਰ ਲਈ । ਪੁਲਿਸ ਮਹਿਲਾਵਾਂ ਨੂੰ ਲੈ ਕੇ ਪਿੰਡ ਗਾਟਵਾਲੀ ਪਹੁੰਚੀ ਜਿੱਥੇ ਉਨ੍ਹਾਂ ਨੇ ਉਸ ਥਾਂ ਦੀ ਨਿਸ਼ਾਨਦੇਹੀ ਕੀਤੀ ਜਿੱਥੇ ਉਨ੍ਹਾਂ ਨੇ ਲਾਸ਼ ਨੂੰ ਦਫ਼ਨਾਇਆ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐਸਪੀ ਤਲਵੰਡੀ ਸਾਬੋ ਰਾਜੇਸ਼ ਕੁਮਾਰ ਨੇ ਦੱਸਿਆ ਕਿ ਦੋਵਾਂ ਔਰਤਾਂ ਵਿੱਚ ਬਹੁਤ ਗਹਿਰਾ ਅੰਤਰੰਗੀ ਰਿਸ਼ਤਾ ਸੀ ਜਿਸ ਦਾ ਮ੍ਰਿਤਕ ਬਲਬੀਰ ਸਿੰਘ ਨੂੰ ਇਤਰਾਜ਼ ਸੀ ਅਤੇ ਉਹ ਆਪਣੀ ਪਤਨੀ ਸੁਖਵੀਰ ਕੌਰ ਨੂੰ ਅਜਿਹਾ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਸ ਤੋਂ ਬਾਅਦ ਸੁਖਵੀਰ ਕੌਰ ਅਤੇ ਗੁਰਪ੍ਰੀਤ ਕੌਰ ਨੇ ਬਲਬੀਰ ਸਿੰਘ ਨੂੰ ਆਪਣੇ ਰਸਤੇ ਤੋਂ ਹਟਾਉਣ ਦਾ ਫੈਸਲਾ ਕੀਤਾ ਅਤੇ ਗੁਰਪ੍ਰੀਤ ਕੌਰ ਨੇ ਉਸ ਨੂੰ ਆਪਣੇ ਘਰ ਬੁਲਾਇਆ ਜਿੱਥੇ ਪਹਿਲਾਂ ਉਸ ਨੂੰ ਬੇਹੋਸ਼ ਕਰ ਦਿੱਤਾ ਅਤੇ ਫਿਰ ਤੇਜ਼ਧਾਰ ਹਥਿਆਰ ਨਾਲ ਉਸ ਦੇ ਟੁਕੜੇ ਕਰ ਦਿੱਤੇ ਅਤੇ ਲਾਸ਼ ਨੂੰ ਘਰ ਦੇ ਡੂੰਘੇ ਟੋਏ 'ਚ ਦੱਬ ਦਿੱਤਾ। ਲਾਸ਼ ਨੂੰ ਪੁਲਿਸ ਦੀ ਨਿਗਰਾਨੀ ਚ ਟੋਏ 'ਚੋਂ ਬਾਹਰ ਕੱਢ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਮਲਾ ਦਰਜ ਕਰਕੇ ਦੋਵਾਂ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦਕਿ ਉਨ੍ਹਾਂ ਦੇ ਸਾਥੀਆਂ ਦੀ ਭਾਲ ਜਾਰੀ ਹੈ।

## ਮੁਰਗਾ ਫਾਰਮ 'ਚ ਲੱਗੀ ਅੱਗ, 4 ਹਜ਼ਾਰ ਤੋਂ ਵੱਧ ਚੂਚੇ ਸੜੇ

ਪੰਜਾਬ ਦਾ ਖੁਲਾਸਾ

**ਪੀਲੀਭੀਤ**- ਉੱਤਰ ਪ੍ਰਦੇਸ਼ 'ਚ ਪੀਲੀਭੀਤ ਜ਼ਿਲ੍ਹੇ ਦੇ ਬਰਖੇੜਾ ਥਾਣਾ ਖੇਤਰ ਦੇ ਕਟਕਵਾੜਾ ਪਿੰਡ 'ਚ ਸਥਿਤ ਇਕ ਮੁਰਗਾ ਫਾਰਮ 'ਚ ਹੀਟ ਦੀ ਭੱਠੀ 'ਚ ਧਮਾਕਾ ਹੋਣ ਕਾਰਨ ਲੱਗੀ ਅੱਗ 'ਚ 4200 ਚੂਚੇ ਸੜ ਕੇ ਸੁਆਹ ਹੋ ਗਏ। ਬਰਖੇੜਾ ਥਾਣੇ ਦੇ ਅਨੁਸਾਰ ਪਿੰਡ ਕਟਕਵਾੜਾ ਦੇ ਬਾਹਰ ਸਥਿਤ ਮੁਰਗਾ ਫਾਰਮ ਵਿਚ ਚੂਚਿਆਂ ਨੂੰ ਠੰਡ ਤੋਂ ਬਚਾਉਣ ਲਈ ਭੱਠੀ ਦਾ ਇਸਤੇਮਾਲ ਕੀਤਾ ਜਾ ਰਿਹਾ ਸੀ।



ਰਾਤ ਦੇ ਹਨ੍ਹੇਰੇ 'ਚ ਭੱਠੀ 'ਚ ਅਚਾਨਕ ਧਮਾਕਾ ਹੋਣ ਕਾਰਨ ਅੱਗ ਲੱਗ ਗਈ, ਜਿਸ ਕਾਰਨ 4200 ਚੂਚੇ ਸੜ ਕੇ ਸੁਆਹ ਹੋ ਗਏ। ਥਾਣਾ ਸਦਰ ਦੇ ਮੁਖੀ ਮੁਕੇਸ਼ ਕੁਮਾਰ ਸ਼ੁਕਲਾ ਨੇ ਮੀਡੀਆ ਨੂੰ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੁਰਗਾ ਫਾਰਮ ਨੂੰ ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਪੁਲਸ ਅਤੇ ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਮੁਰਗਾ ਫਾਰਮ ਮਾਲਕ ਨੇ ਪੁਲਸ ਨੂੰ ਦੱਸਿਆ ਕਿ ਅੱਗ ਲੱਗਣ ਕਾਰਨ ਮੁਰਗਿਆਂ ਤੋਂ ਇਲਾਵਾ ਫਾਰਮ ਦੀ ਜਾਇਦਾਦ ਅਤੇ ਹੋਰ ਲੱਖਾਂ ਰੁਪਏ ਦੇ ਸਾਮਾਨ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।

## ਕ੍ਰਿਪਾਲੂ ਜੀ ਮਹਾਰਾਜ ਦੀਆਂ ਬੇਟੀਆਂ ਦੀ ਕਾਰ ਦਾ ਐਕਸੀਡੈਂਟ...ਵੱਡੀ ਧੀ ਦੀ ਮੌਤ, ਬਾਕੀ ਦੋ ਦੀ ਹਾਲਤ ਗੰਭੀਰ

ਪੰਜਾਬ ਦਾ ਖੁਲਾਸਾ

**ਨੋਇਡਾ** : ਭਗਤੀ ਧਾਮ ਮਨਗੜ੍ਹ ਕੁੰਡਾ ਤੇ ਪ੍ਰੇਮ ਮੰਦਰ ਵਰਿੰਦਾਵਨ ਦੇ ਸੰਸਥਾਪਕ ਜਗਦਗੁਰੂ ਕ੍ਰਿਪਾਲੂ ਮਹਾਰਾਜ ਦੀਆਂ ਬੇਟੀਆਂ ਦੀ ਕਾਰ ਯਮੁਨਾ ਐਕਸਪ੍ਰੈਸ ਵੇਅ 'ਤੇ ਐਤਵਾਰ ਸਵੇਰੇ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਤਿੰਨੇ ਬੇਟੀਆਂ ਸਿੰਗਾਪੁਰ ਜਾਣ ਲਈ ਜੇਵਰ ਏਅਰਪੋਰਟ ਜਾ ਰਹੀਆਂ ਸਨ। ਫਿਰ ਉਨ੍ਹਾਂ ਦੀ ਕਾਰ ਡੰਪਰ ਨਾਲ ਟਕਰਾ ਗਈ। ਕ੍ਰਿਪਾਲੂ ਜੀ ਦੀ ਵੱਡੀ ਬੇਟੀ 65 ਸਾਲਾ ਡਾ. ਵਿਸ਼ਾਖਾ ਤ੍ਰਿਪਾਠੀ ਦੀ ਇਸ ਹਾਦਸੇ 'ਚ ਮੌਤ ਹੋ ਗਈ। ਦੋ ਛੋਟੀਆਂ ਬੇਟੀਆਂ ਡਾ. ਸ਼ਿਆਮਾ ਤ੍ਰਿਪਾਠੀ ਤੇ ਡਾ. ਕ੍ਰਿਸ਼ਨਾ ਤ੍ਰਿਪਾਠੀ ਦੀ ਹਾਲਤ







ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਤਿੰਨੋਂ ਭੈਣਾਂ ਸਿੰਗਾਪੁਰ ਜਾਣ ਲਈ ਫਲਾਈਟ ਫੜਨ ਏਅਰਪੋਰਟ ਜਾ ਰਹੀਆਂ ਸਨ। ਇਕ ਦਿਨ ਪਹਿਲਾਂ ਯਾਨੀ 23 ਨਵੰਬਰ ਨੂੰ ਜਗਦਗੁਰੂ ਕ੍ਰਿਪਾਲੂ ਪ੍ਰੀਸ਼ਦ ਨੇ ਬ੍ਰਜ ਖੇਤਰ ਦੇ ਗਰੀਬ ਸੰਤਾਂ ਤੇ ਬੇਸਹਾਰਾ ਵਿਧਵਾਵਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਵਿਸ਼ਾਲ ਵੰਡ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ। ਇਸ ਪ੍ਰੋਗਰਾਮ 'ਚ ਤਿੰਨੋਂ ਭੈਣਾਂ ਮੌਜੂਦ ਸਨ।

ਪ੍ਰੋਗਰਾਮ 'ਚ 14,000 ਲੋੜਵੰਦ ਲੋਕਾਂ ਨੂੰ ਜੀਵਨ ਬਚਾਉਣ ਵਾਲੀਆਂ ਵਸਤੂਆਂ ਪ੍ਰਦਾਨ ਕੀਤੀਆਂ ਗਈਆਂ। ਇਹ ਵੰਡ ਪ੍ਰੋਗਰਾਮ ਪ੍ਰੇਮ ਮੰਦਰ, ਵ੍ਰਿੰਦਾਵਨ ਤੇ ਕੀਰਤੀ ਮੰਦਰ, ਬਰਸਾਨਾ ਵਿਖੇ ਕਰਵਾਏ ਗਏ। ਮੁੱਖ ਸਮਾਗਮ ਪ੍ਰੇਮ ਮੰਦਰ ਵਿਖੇ ਹੋਇਆ ਜਿੱਥੇ 5,000 ਗਰੀਬ ਸਾਧੂਆਂ ਤੇ 4,000 ਬੇਸਹਾਰਾ ਵਿਧਵਾਵਾਂ ਨੂੰ ਰਾਹਤ ਸਮੱਗਰੀ ਵੰਡੀ ਗਈ।

## ਆਮ ਆਦਮੀ ਪਾਰਟੀ ਦੇ ਸਰਪੰਚ ਦੇ ਭਰਾ ਦਾ ਗੋਲੀਆਂ ਮਾਰ ਕੇ ਕਤਲ, ਪੁਲਿਸ ਕਰ ਰਹੀ ਹੈ ਮਾਮਲੇ ਦੀ ਜਾਂਚ

ਪੰਜਾਬ ਦਾ ਖੁਲਾਸਾ

**ਬਟਾਲਾ** : ਪੁਲਿਸ ਜ਼ਿਲ੍ਹਾ ਬਟਾਲਾ ਦੇ ਥਾਣਾ ਸੇਖਵਾਂ ਅਧੀਨ ਪੈਂਦੀ ਚੌਕੀ ਵਡਾਲਾ ਗ੍ਰੰਥੀਆਂ ਦੇ ਪਿੰਡ ਰਸੂਲਪੁਰ ਵਿਖੇ ਬੀਤੀ ਰਾਤ ਇਕ ਕਾਰ ਸਵਾਰ ਵਿਅਕਤੀ ਦੀ ਗੋਲੀਆਂ ਮਾਰ ਕੇ ਕਤਲ ਕਰਨ ਦਾ ਸਮਾਚਾਰ ਮਿਲਿਆ ਹੈ। ਮ੍ਰਿਤਕ ਦੀ ਪਛਾਣ ਬਲਬੀਰ ਸਿੰਘ ਸਾਬੀ (47) ਪੁੱਤਰ ਲਖਬੀਰ ਸਿੰਘ ਵਾਸੀ ਕਰਨਾਮਾ ਵਜੋਂ ਹੋਈ ਹੈ।ਮ੍ਰਿਤਕ ਆਮ ਆਦਮੀ ਪਾਰਟੀ ਦੇ ਸਰਪੰਚ ਗੁਰਮੀਤ ਸਿੰਘ ਵਾਸੀ ਪਿੰਡ ਕਰਨਾਮਾ ਦਾ ਭਰਾ ਹੈ ਅਤੇ ਇਲੈਕਟ੍ਰੀਸ਼ੀਅਨ ਦਾ ਕੰਮ ਕਰਦਾ ਹੈ।ਮ੍ਰਿਤਕ ਦੇ ਭਰਾ ਸਰਪੰਚ ਗੁਰਮੀਤ ਸਿੰਘ ਨੇ ਦੱਸਿਆ ਕਿ ਉਸਦਾ ਛੋਟਾ ਭਰਾ ਬਲਬੀਰ ਸਿੰਘ ਜੋ ਕਿ ਇਲੈਕਟ੍ਰੀਸ਼ੀਅਨਦਾ ਕੰਮ ਕਰਦਾ ਹੈ, ਕਿਸੇ ਕੰਮ ਲਈ ਬੀਤੀ ਰਾਤ ਕਾਰ 'ਤੇ ਪਿੰਡ ਦੁਨੀਆ ਸੰਧੂ ਵਿਖੇ ਜਾ ਰਿਹਾ ਸੀ ਕਿ ਪਿੰਡ ਰਸੂਲਪੁਰ ਨਜ਼ਦੀਕ ਉਸ ਦਾ ਗੋਲੀਆਂ ਮਾਰ ਕੇ ਕਿਸੇ ਨੇ ਕਤਲ ਕਰ ਦਿੱਤਾ ਹੈ । ਘਟਨਾ ਸਥਾਨ ਉਤੇ ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਕਾਰ ਦੇ ਮੂਹਰੇ ਸ਼ੀਸ਼ੇ ਰਾਹੀਂ ਗੋਲੀ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਲੋਂ ਇਸ ਕੇਸ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀ ਨੂੰ ਫੜ ਲਿਆ ਜਾਵੇਗਾ।

## ਸ਼ਾਮ ਢੱਲਦੇ ਹੀ ਐਸ ਐਸ ਪੀ ਤੇ ਡੀ ਸੀ ਦਫਤਰ ਦੇ ਬਾਹਰ ਵਾਲੇ ਰੋਡ ਤੋ ਇਲਾਵਾ ਸ਼ਹਿਰ ਛਾਉਣੀ ਦੇ ਚੋਕ ਬਣ ਜਾਂਦੇ ਉਪਨ ਬੀਅਰ ਬਾਰ

### ਗੱਡੀਆਂ ਦੇ ਬੋਨਟ ਤੇ ਟੂ ਵੀਲਰ ਦੀਆਂ ਸੀਟਾਂ ਤੇ ਦਾਰੂ ਦੀਆਂ ਬੋਤਲਾਂ ਰੱਖ ਕੇ ਖੜਕਾਈ ਜਾਂਦੀ ਹੈ ਗਲਾਸੀ।

### ਕਈ ਚੋਕਾਂ ਚ ਪੁਲਿਸ ਨਾਕਿਆ ਤੋ ਬੇਫਿਕਰ ਹੋ ਕੇ ਰੇਹੜੀ/ਫੜੀ ਵਾਲਿਆ ਵਲੋ ਪਿਆਈ ਜਾਂਦੀ ਹੈ ਦਾਰੂ

ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 24 ਨਵੰਬਰ (ਅਸ਼ੋਕ ਭਾਰਦਵਾਜ)** ਸੱਤਾ ਚ ਆਉਣ ਤੋ ਬਾਅਦ ਪੰਜਾਬ ਸਰਕਾਰ ਵਲੋਂ ਬੜੇ ਤਰ੍ਹਾਂ ਦੇ ਵਾਅਦੇ ਕਰਕੇ ਐਲਾਨ ਕੀਤੇ ਗਏ ਸਨ ਪਰ ਇਹਨਾਂ ਐਲਾਨਾਂ ਨੂੰ ਇੱਕ ਨੁੱਕਰੇ ਲਗਾਉਣ ਲਈ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਵਲੋਂ ਕੋਈ ਵੀ ਕਸਰ ਬਾਕੀ ਨਹੀ ਛੱਡੀ ਜਾਂਦੀ। ਜਾਣਕਾਰੀ ਮੁਤਾਬਕ ਸਰਕਾਰ ਬਣਨ ਤੋ ਬਾਅਦ ਪੰਜਾਬ ਦੇ ਮੁੱਖ ਮੰਤਰੀ ਵਲੋ ਐਕਸੀਡੈਂਟਾਂ ਦੀ ਗਿਣਤੀ ਘੱਟ ਕਰਨ ਲਈ ਬਿਆਨ ਕੀਤਾ ਗਿਆ ਸੀ ਕਿ ਹਰ ਮੈਰਿਜ ਪੈਲੇਸ ਦੇ ਬਾਹਰ ਪੁਲਿਸ ਦਾ ਨਾਕਾ ਲਗਾ ਕੇ ਹਰ ਸ਼ਰਾਬੀ ਦੀ ਪਹਿਚਾਣ ਕੀਤੀ ਜਾਵੇ ਤੇ ਸ਼ਰਾਬੀ ਨੂੰ ਗੱਡੀ ਚਲਾਉਣ ਨਾ ਦਿੱਤੀ ਜਾਵੇ ਤਾਂ ਕਿ ਰੋਡ ਐਕਸੀਡੈਂਟ ਤੋ ਨਿਜਾਤ ਮਿਲ ਸਕੇ। ਇਹਨਾਂ ਐਲਾਨਾ ਨੂੰ ਇੱਕ ਨੁਕਰੇ ਲਗਾਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਵਲੋ ਕੋਈ ਵੀ ਕਸਰ ਬਾਕੀ ਨਹੀ ਛੱਡੀ ਜਾ ਰਹੀ। ਹੁਣ ਤਾਜਾ ਹੀ ਮਾਮਲਾ ਸਾਹਮਣੇ ਆਇਆ ਹੈ ਫਿਰੋਜ਼ਪੁਰ ਛਾਉਣੀ ਤੋ ਜਿਥੇ ਕਿ ਸਾਰੇ ਹੀ ਅਫਸਰ ਸਾਹਿਬਾਨਾਂ ਦੇ ਦਫਤਰ ਸਥਿਤ ਹਨ ਜਿਵੇ ਕਿ ਸਿਵਲ ਪ੍ਰਸ਼ਾਸ਼ਨ ਤੇ ਪੁਲਿਸ ਪ੍ਰਸ਼ਾਸ਼ਨ ਫਿਰੋਜ਼ਪੁਰ ਛਾਉਣੀ ਸਥਿਤ ਕੰਪਲੈਕਸ ਵਿੱਚ ਹੀ ਹਨ। ਇਹਨਾਂ ਦਫਤਰਾਂ ਦੇ ਬਾਹਰ ਮੇਨ ਹਾਈਵੇਅ ਤੇ ਸ਼ਰਾਬ ਦੇ



ਠੇਕੇ ਵੀ ਖੁੱਲੇ ਹਨ ਜੋ ਕੇ ਕਾਨੂੰਨਨ ਤੌਰ ਤੇ ਗਲਤ ਹਨ ਇਹਨਾਂ ਠੇਕਿਆਂ ਕਾਰਨ ਇਸ ਮੇਨ ਰੋਡ ਦੇ ਆਸੇ ਪਾਸੇ ਮੀਟ ਦੀਆਂ ਦੁਕਾਨਾਂ ਤੇ ਰੇਹੜੀਆਂ ਵੀ ਲੱਗਦੀਆਂ ਹਨ ਜਿਸ ਕਾਰਨ ਸ਼ਾਮ ਦੇ ਢੱਲਦਿਆ ਇਥੇ ਪਿਆਕੜਾ ਵਲੋ ਰੋਡ ਦੇ ਇੱਕ ਸਾਇਡ ਤੇ ਆਪਣੀ ਗੱਡੀਆਂ ਬੇਤਰਤੀਬੇ ਖੜਾ ਕੇ ਗੱਡੀਆਂ ਦੇ ਬੋਨਟ ਤੇ ਮੋਟਰਸਾਈਕਲ ਦੀਆਂ ਸੀਟਾਂ ਦੇ ਉਪਰ ਦਾਰੂ ਦੀਆਂ ਬੋਤਲਾਂ ਰੱਖ ਕੇ ਗਲਾਸੀਆ ਖੜਕਾਈਆਂ ਜਾਂਦੀਆਂ ਹਨ। ਇਸ ਤੋ ਇਲਾਵਾਂ ਛਾਉਣੀ ਦੇ ਬਾਜ ਵਾਲੇ ਚੋਕ ਤੋ ਕੋਰਟ ਰੋਡ, ਬ੍ਰਹਮ ਕੁਮਾਰੀ ਚੋਕ ਤੋ ਲੈ ਕੇ ਵਜੀਰ ਵਾਲੀ ਬਿਲਡਿੰਗ ਤੱਕ ਵਾਲਾ ਰੋਡ ਵੀ ਬੀਅਰ ਬਾਰ ਚ ਬਦਲ ਜਾਂਦਾ ਹੈ ਇਸ ਤੋ ਇਲਾਵਾ ਸ਼ਹਿਰ ਛਾਉਣੀ ਦੇ ਜਿੰਨੇ ਵੀ ਮੇਨ ਗੇਟ ਜਾਂ ਚੋਕ ਹਨ ਉਹਨਾਂ ਦੇ ਇੱਕ ਸਾਇਡ ਤੇ ਫੁੱਟਪਾਥਾਂ ਤੇ ਲਗਾਈਆਂ ਗਈਆਂ ਮੀਟ,ਸੂਪ ਆਦਿ ਦੀਆਂ ਨਜਾਇਜ ਰੇਹੜੀਆਂ ਵਾਲਿਆਂ ਵਲੋ ਵੀ ਉਪਨ ਚ ਬੀਅਰ ਬਾਰ ਬਣਾ ਕੇ ਜਿਥੇ ਸਰਕਾਰ ਨੂੰ ਚੂਨਾ ਲਗਾਇਆ ਜਾ ਰਿਹਾ ਉਥੇ ਹੀ ਟ੍ਰੈਫਿਕ ਨੂੰ ਬੜਾਵਾ ਦਿੱਤਾ ਜਾਂਦਾ ਹੈ ਕਿਉਕਿ ਪਿਆਕੜਾ ਵਲੋ ਬੇ ਤਰਤੀਬੇ ਵਾਹਨ ਖੜੇ ਕਰਕੇ ਆਉਣ ਜਾਣ ਵਾਲੇ ਲੋਕਾਂ ਲਈ ਸਿਰ ਦਰਦੀ ਬਣੇ ਰਹਿੰਦੇ ਹਨ। ਜਿਸ ਕਾਰਨ ਆਪਣੇ ਪਰਿਵਾਰ ਨਾਲ ਇਥੋਂ ਲੰਘਣਾ ਵੀ ਮੁਸ਼ਕਿਲ ਹੋ ਜਾਂਦਾ ਹੈ ਆਸ ਪਾਸ ਦੇ ਦੁਕਾਨਦਾਰਾਂ ਨੇ ਆਪਣਾ ਨਾਮ ਗੁਪਤ ਰੱਖਦਿਆ ਕਿਹਾ ਕਿ ਸਾਡੇ ਫੈਮਿਲੀ ਹੋਟਲ ਹੋਣ ਕਰਕੇ ਸਾਨੂੰ ਇਹਨਾਂ ਪਿਆਕੜਾਂ ਵਲੋ ਬੜੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋ ਅਸੀ ਮੀਡੀਆ ਰਾਹੀ ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਨੂੰ ਅਪੀਲ ਕਰਦੇ ਹਾਂ ਕਿ ਇਸ ਸਮੱਸਿਆ ਦਾ ਹੱਲ ਕੱਢਿਆ ਜਾਵੇ।

## ਜਲੰਧਰ ਪੁਲਿਸ ਨੂੰ ਵੱਡੀ ਸਫਲਤਾ, ਬਾਦਸ਼ਾਹ ਕਤਲਕਾਂਡ ਵਿਚ ਇੱਕ ਦੋਸ਼ੀ ਨੂੰ ਕੀਤਾ ਗ੍ਰਿ.ਫਤਾਰ, ਬਾਕੀਆਂ ਦੀ ਭਾਲ ਜਾਰੀ

ਪੰਜਾਬ ਦਾ ਖੁਲਾਸਾ

**ਜਲੰਧਰ 24 ਨਵੰਬਰ (ਅਮ੍ਰਿਤਪਾਲ ਸਿੰਘ)**ਜਲੰਧਰ 'ਚ ਬਾਦਸ਼ਾਹ ਕਤਲ ਕਾਂਡ 'ਚ ਪੁਲਿਸ ਨੂੰ ਸਫਲਤਾ ਮਿਲੀ ਹੈ। ਪੁਲਿਸ ਨੇ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਬਾਕੀ ਦੋਸ਼ੀਆਂ ਦੀ ਭਾਲ ਜਾਰੀ ਹੈ। ਮੁਲਜ਼ਮ ਦੀ ਪਛਾਣ ਸਾਜਨ ਸਹੋਤਾ ਵਾਸੀ ਕਿਸ਼ਨਪੁਰਾ ਜਲੰਧਰ ਵਜੋਂ ਹੋਈ ਹੈ। ਬਾਦਸ਼ਾਹ ਕਤਲ ਕਾਂਡ ਦਾ ਮੁਲਜ਼ਮ ਘਟਨਾ ਤੋਂ ਬਾਅਦ ਫਰਾਰ ਸੀ। ਇਸ ਤੋਂ ਪਹਿਲਾਂ ਉਸ ਦੇ ਦੋ ਸਾਥੀਆਂ ਮਨੂ ਅਤੇ ਚਕਸ਼ਿਤ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ।ਪੁਲਿਸ ਨੇ ਉਕਤ ਦੋਸ਼ੀ ਸਾਜਨ ਨੂੰ ਪਠਾਨਕੋਟ ਬਾਈਪਾਸ 'ਤੇ ਸਥਿਤ ਮਸ਼ਹੂਰ ਪੈਲੇਸ ਬੱਲੇ-ਬੱਲੇ ਫਾਰਮ ਨੇੜਿਓਂ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਦੀਵਾਲੀ ਵਾਲੇ ਦਿਨ ਦੋ ਧਿਰਾਂ ਵਿਚਾਲੇ ਝੜਪ ਹੋ ਗਈ ਸੀ, ਜਿਸ ਕਾਰਨ ਸ਼ਨੀਵਾਰ ਦੇਰ ਸ਼ਾਮ ਬਦਮਾਸ਼ਾਂ ਮਨੂ ਕਪੂਰ ਉਰਫ਼ ਮਨੂ ਕਪੂਰ ਢਿੱਲੂ, ਤੋਤਾ ਤੇ ਹੋਰਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਗੋਲੀਆਂ ਚਲਾ ਦਿੱਤੀਆਂ ਸਨ। ਇਸ ਦੌਰਾਨ ਰਿਸ਼ਭ ਉਰਫ ਬਾਦਸ਼ਾਹ ਵਾਸੀ ਅਲੀ ਮੁਹੱਲਾ ਦੀ ਮੌਤ ਹੋ ਗਈ ਸੀ। ਗੋਲੀਬਾਰੀ ਤੋਂ ਬਾਅਦ ਮੁਲਜ਼ਮ ਮਨੂ ਦੇ ਮੌਕੇ ਤੋਂ ਫਰਾਰ ਹੋਣ ਦੀ ਵੀਡੀਓ ਵੀ ਦੇਰ ਰਾਤ ਸਾਹਮਣੇ ਆਈ ਸੀ, ਜਿਸ ਵਿੱਚ ਉਹ ਹੱਥ ਵਿੱਚ ਹਥਿਆਰ ਲੈ ਕੇ ਭੱਜਦਾ ਨਜ਼ਰ ਆ ਰਿਹਾ ਸੀ।ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਹਾਈਵੇਅ 'ਤੇ ਧਰਨਾ ਦਿੱਤਾ ਸੀ। ਇਸ ਦੌਰਾਨ



ਪੁਲਿਸ ਅਤੇ ਪਰਿਵਾਰਕ ਮੈਂਬਰਾਂ ਵਿਚਾਲੇ ਹੱਥੋਪਾਈ ਵੀ ਹੋਈ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਮੌਕੇ 'ਤੇ ਪਹੁੰਚ ਕੇ ਹਾਈਵੇ ਨੂੰ ਖੁਲ੍ਹਵਾਇਆ। ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਿਸ ਨੇ ਕਤਲ ਅਤੇ ਅਸਲਾ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਮਨੂ ਅਤੇ ਉਸ ਦੇ ਹੋਰ ਸਾਥੀਆਂ ਨੂੰ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਬਾਅਦ ਪੁਲਿਸ ਨੇ ਕਾਰਵਾਈ ਕਰਦੇ ਹੋਏ ਮੁੱਖ ਦੋਸ਼ੀ ਮਨੂ ਕਪੂਰ ਢਿੱਲੂ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਜਾਣਕਾਰੀ ਮੁਤਾਬਕ ਫਿਲਹਾਲ ਪੁਲਿਸ ਨੇ ਤਿੰਨ ਦੋਸ਼ੀਆਂ ਨੂੰ ਹਿਰਾਸਤ 'ਚ ਲਿਆ ਹੈ।ਮ੍ਰਿਤਕ ਦੇ ਸਮਰਥਕਾਂ ਅਤੇ ਐੱਸ. ਕਲਿਆਣ ਨੇ ਦੱਸਿਆ ਕਿ ਇਕ ਦਿਨ ਪਹਿਲਾਂ ਮਨੂ ਕਪੂਰ, ਸਾਜਨ ਸਹੋਤਾ ਅਤੇ ਉਨ੍ਹਾਂ ਦੇ 12 ਗੈਂਗ ਮੈਂਬਰਾਂ ਨੇ ਇਕੱਲੇ ਰਿਸ਼ਭ ਕੁਮਾਰ ਉਰਫ ਬਾਦਸ਼ਾਹ ਨੂੰ ਘੇਰ ਕੇ ਕੁੱਟਿਆ ਸੀ ਅਤੇ ਅਗਲੇ ਦਿਨ ਮਨੂ ਕਪੂਰ ਨੂੰ ਪਿਤਾ-ਪੁੱਤਰ ਨੇ ਅਸਤੀਫਾ ਦੇਣ ਲਈ ਬੁਲਾਇਆ ਸੀ। ਰਿਸ਼ਭ ਕੁਮਾਰ ਅਤੇ ਈਸ਼ੂ ਦੋਵੇਂ ਖਿੰਗੜਾ ਗੇਟ ਨੇੜੇ ਪਹੁੰਚੇ ਹੀ ਸਨ ਕਿ ਮਨੂ ਕਪੂਰ ਅਤੇ ਉਨ੍ਹਾਂ ਦੇ ਪਿਤਾ ਉਨ੍ਹਾਂ ਘੇਰ ਲਿਆ ਅਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਇਹ ਦੋਵੇਂ ਆਪਣੀ ਜਾਨ ਬਚਾਉਣ ਲਈ ਕਿਸੇ ਤਰ੍ਹਾਂ ਭੱਜ ਰਹੇ ਸਨ ਤਾਂ ਮਨੂ ਕਪੂਰ ਅਤੇ ਹੋਰ ਹਮਲਾਵਰ ਜਿਨ੍ਹਾਂ ਦੇ ਹੱਥਾਂ 'ਚ 3 ਰਿਵਾਲਵਰ ਸਨ, ਜਿਨ੍ਹਾਂ 'ਚੋਂ ਮਨੂ ਕਪੂਰ ਨੇ ਦੋਵਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਕਰੀਬ 9 ਰਾਊਂਡ ਫਾਇਰ ਕੀਤੇ ਗਏ, ਜਿਸ 'ਚ ਦੋ ਗੋਲੀਆਂ ਬਾਦਸ਼ਾਹ ਦੇ ਪੇਟ 'ਚ ਲੱਗੀਆਂ ਅਤੇ ਇਕ ਗੋਲੀ ਹੱਥ 'ਚ ਲੱਗੀ, ਜਿਸ 'ਚ ਦੋਵੇਂ ਗੰਭੀਰ ਜ਼ਖਮੀ ਹੋ ਗਏ। ਮੌਕੇ 'ਤੇ ਮੌਜੂਦ ਲੋਕਾਂ ਨੇ ਕਿਸੇ ਤਰ੍ਹਾਂ ਦੋਵਾਂ ਨੂੰ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ। ਬਾਦਸ਼ਾਹ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਸਤਿਅਮ ਹਸਪਤਾਲ ਨੇ ਉਸ ਨੂੰ ਜੌਹਲ ਦੇ ਦੂਜੇ ਹਸਪਤਾਲ ਲਈ ਰੈਫਰ ਕਰ ਦਿੱਤਾ, ਜਿੱਥੇ ਉਸ ਦੀ ਮੌਤ ਹੋ ਗਈ।

## ਬਠਿੰਡਾ: ਅੱਗ ਲੱਗਣ ਕਾਰਨ ਸੜਕੇ ਸੁਆਹ ਹੋਇਆ ਰੈਸੋਟੋਰੈਂਟ

ਪੰਜਾਬ ਦਾ ਖੁਲਾਸਾ

**ਰਾਮਾਂ ਮੰਡੀ 24 ਨਵੰਬਰ (ਅਸ਼ੋਕ)** : ਬਠਿੰਡਾ ਚੰਡੀਗੜ੍ਹ ਕੌਮੀ ਸੜਕ ਮਾਰਗ ਤੇ ਇੱਕ ਪ੍ਰਾਈਵੇਟ ਹਸਪਤਾਲ ਦੇ ਸਾਹਮਣੇ ਇੱਕ ਰੈਸੋਟੋਰੈਂਟ ਨੂੰ ਲੱਗੀ ਅੱਗ ਕਾਰਨ ਦੇਖਦਿਆਂ ਹੀ ਦੇਖਦਿਆਂ ਸਭ ਕੁੱਝ ਸੜਕੇ ਸੁਆਹ ਹੋ ਗਿਆ। ਰਾਹਤ ਵਾਲੀ ਗੱਲ ਇਹੋ ਰਹੀ ਕਿ ਇਸ ਅਗਨੀਕਾਂਡ ਦੌਰਾਨ ਕਿਸੇ ਕਿਸਮ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ। ਮੁਢਲੇ ਤੌਰ ਤੇ ਸਾਹਮਣੇ ਆਇਆ ਹੈ ਕਿ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਸੀ ਜਦੋਂਕਿ ਸਿਲੰਡਰ ਫਟਣ ਨੂੰ ਵੀ ਅੱਗ ਲੱਗਣ ਦੇ ਕਾਰਨ ਵਜੋਂ ਦੇਖਿਆ ਜਾ ਰਿਹਾ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ ਹੈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਰੈਸੋਟਰੈਂਟ ਦੇ ਅੰਦਰ ਹੋਰ ਵੀ ਸਿਲੰਡਰ ਰੱਖੇ ਹੋਏ ਸਨ ਜਿੰਨ੍ਹਾਂ ਨੂੰ ਅੱਗ ਬੁਝਾਉਣ ਦੌਰਾਨ ਸਹਾਇਤਾ ਕਰਨ ਲਈ ਡੇਰਾ ਸਿਰਸਾ ਪ੍ਰੇਮੀਆਂ ਨੇ ਜਾਨ ਤੇ ਖੇਡ੍ਹ ਕੇ ਬਾਹਰ ਕੱਢਿਆ।

ਮੌਕੇ ਤੇ ਹਾਜ਼ਰ ਕੁੱਝ ਲੋਕਾਂ ਨੇ ਦੱਸਿਆ ਕਿ ਜੇਕਰ ਇੰਨ੍ਹਾਂ ਸਿਲੰਡਰਾਂ ਨੂੰ ਸਮਾਂ ਰਹਿੰਦੇ ਬਾਹਰ ਨਾਂ ਕੱਢਿਆ ਜਾਂਦਾ ਤਾਂ ਕਿੰਨਾਂ ਨੁਕਸਾਨ ਹੁੰਦਾ ਇਸ ਦਾ ਅੰਦਾਜ਼ਾ ਲਾਉਣਾ ਕੋਈ ਮੁਸ਼ਕਿਲ ਨਹੀਂ ਹੈ। ਅੱਗ ਲੱਗਣ ਕਾਰਨ ਰੈਸੋਟੋਰੈਂਟ ਮਾਲਕਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ ਫਿਰ ਵੀ ਹਿਸਾਬ ਕਿਤਾਬ ਲਾਇਆ ਜਾ ਰਿਹਾ ਹੈ। ਧਰ ਅੱਗ ਲੱਗਣ ਸਬੰਧੀ ਸੂਚਨਾ ਮਿਲਦਿਆਂ ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਮੌਕੇ ਤੇ ਪੁੱਜੀਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਇਸੇ ਦੌਰਾਨ ਰੈਸੋਟੋਰੈਂਟ ਦੇ ਅੰਦਰ ਪਿਆ ਸਿਲੰਡਰ ਫਟ ਗਿਆ ਜਿਸ ਨੇ ਅੱਗ ਦੀਆਂ ਲਾਟਾਂ ਨੂੰ ਭੜਕਾਉਣ ਦਾ ਕੰਮ ਕੀਤਾ ਜਿਸ ਨੂੰ ਦੇਖਦਿਆਂ ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਹੋਰ ਮੌਕੇ ਤੇ ਸੱਦ ਲਈਆਂ ਗਈਆਂ।

ਅੱਗ ਐਨੀ ਭਿਆਨਕ ਹੋ ਗਈ ਜਿਸ ਤੇ ਕਾਬੂ ਪਾਉਣ ਲਈ ਫਾਇਰ ਟੈਂਡਰਾਂ ਨੂੰ ਕਾਫੀ ਜੱਦੋਜਹਿਦ ਕਰਨੀ ਪਈ। ਇਸ ਦੌਰਾਨ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਵੱਲੋਂ ਬਣਾਈ ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਫੋਰਸ ਵਿੰਗ ਦੇ ਵਲੰਟੀਅਰ ਮੌਕੇ ਤੇ ਪੁੱਜੇ ਅਤੇ ਰਾਹਤ ਕਾਰਜਾਂ 'ਚ ਹੱਥ ਵਟਾਉਣਾ ਸ਼ੁਰੂ ਕੀਤਾ। ਸਿਲੰਡਰ ਫਟਣ ਦੀ ਗੱਲ ਸਾਹਮਣੇ ਆਉਣ ਤੇ ਡੇਰਾ ਪੈਰੋਕਾਰਾਂ ਨੇ ਜਾਨ ਜੋਖਿਮ ਵਿੱਚ ਪਾਕੇ ਅੰਦਰ ਪਏ ਅੱਧੀ ਦਰਜਨ ਸਿਲੰਡਰ ਬਾਹਰ ਕੱਢੇ ਜਿੰਨ੍ਹਾਂ ਵਿੱਚ ਇੱਕ ਫਟਿਆ ਹੋਇਆ ਸਿਲੰਡਰ ਵੀ ਸ਼ਾਮਲ ਸੀ। ਫਾਇਰਮੈਨ ਦੇਵ ਸਿੰਘ ਨੇ ਦੱਸਿਆ ਕਿ ਅੱਗ ਲੱਗਣ ਬਾਰੇ ਸੂਚਨਾ ਮਿਲਦਿਆਂ ਹੀ ਉਹ ਅੱਗ ਬੁਝਾਉਣ ਵਾਲੀਆਂ ਗੱਡੀਆਂ ਅਤੇ ਫਾਇਰ ਟੈਂਡਰਾਂ ਸਮੇਤ ਮੌਕੇ ਤੇ ਪੁੱਜੇ ਸਨ।

ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਸਿਲੰਡਰ ਫਟ ਗਿਆ ਜਿਸ ਕਾਰਨ ਅੱਗ ਕਾਫੀ ਫੈਲ ਗਈ। ਅੱਗ ਦੀਆਂ ਲਾਟਾਂ ਕਾਰਨ ਇਮਾਰਤ ਦੇ ਅੰਦਰ ਪਿਆ ਕੀਮਤੀ ਸਮਾਨ ਤੇ ਫਰਨੀਚਰ ਆਦਿ ਸੜਕੇ ਸੁਆਹ ਹੋ ਗਿਆ। ਇਸ ਤੋਂ ਇਲਾਵਾ ਨਾਲ ਲੱਗਦੀਆਂ ਦੁਕਾਨਾਂ ਦਾ ਵੀ ਨੁਕਸਾਨ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਗ ਨੇ ਆਸ ਪਾਸ ਦੀਆਂ ਦੁਕਾਨਾਂ ਨੂੰ ਲਪੇਟ 'ਚ ਲੈ ਲਾ ਸੀ ਪਰ ਵਕਤ ਰਹਿੰਦਿਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਅੱਗ ਤੇ ਕਾਬੂ ਪਾ ਲਿਆ ਜਿਸ ਕਾਰਨ ਕੋਈ ਵੱਡਾ ਹਾਦਸਾ ਵਾਪਰਨ ਤੋਂ ਬਚਾਅ ਹੋ ਗਿਆ। ਰੈਸੋਟੋਰੈਂਟ ਦੇ ਮਾਲਕ ਵਿਪਨ ਬਾਂਸਲ ਅਤੇ ਵਰੁਣ ਬਾਂਸਲ ਨੇ ਦੱਸਿਆ ਕਿ ਸ਼ਨੀਵਾਰ ਨੂੰ ਰਾਤ ਦੀ ਪਾਰਟੀ ਉਪਰੰਤ ਉਹ ਘਰ ਆ ਗਏ ਸਨ।

ਉਨ੍ਹਾਂ ਦੱਸਿਆ ਕਿ ਕੁੱਝ ਸਮੇਂ ਬਾਅਦ ਉਨ੍ਹਾਂ ਨੂੰ ਫੋਨ ਆਇਆ ਅਤੇ ਜਾਣਕਾਰੀ ਦਿੱਤੀ ਕਿ ਰੈਸਟੋਰੈਂਟ ਦੇ ਅੰਦਰੋ ਧੂੰਆਂ ਨਿਕਲ ਰਿਹਾ ਹੈ। ਇਸੇ ਦੌਰਾਨ ਉਹ ਦੁਕਾਨ ਤੇ ਪੁੱਜੇ ਤਾਂ ਅੱਗ ਦਾ ਤਾਂਡਵ ਪੂਰੀ ਤਰਾਂ ਰੈਸਟੋਰੈਂਟ ਨੂੰ ਆਪਣੀ ਲਪੇਟ 'ਚ ਲੈ ਚੁੱਕਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅੱਗ 'ਤੇ ਕਾਬੂ ਪਾਉਣ ਵਿਚ ਡੇਰਾ ਸਿਰਸਾ ਦੇ ਸੇਵਾਦਾਰਾਂ ਦਾ ਅਹਿਮ ਯੋਗਦਾਨ ਰਿਹਾ। ਇਸ ਮੌਕੇ ਸ਼ਾਹ ਸਤਿਨਾਮ ਜੀ ਗਰੀਨ ਐਸ ਵੈਲਫੇਅਰ ਕਮੇਟੀ ਦੇ ਮੈਂਬਰ ਰਾਜੇਸ਼ ਲਡਵਾਲ ਇੰਸਾਂ, ਤਰਲੋਚਨ ਸਿੰਘ ਇੰਸਾਂ, ਵਿਕਰਮ ਸਿੰਘ ਇੰਸਾਂ, ਰਵੀ ਇੰਸਾਂ, ਪਰਵਿੰਦਰ ਸਿੰਘ ਇੰਸਾਂ, ਸ਼ਾਮ ਲਾਲ ਇੰਸਾਂ, ਰਾਜਿੰਦਰ ਕੁਮਾਰ ਕਾਕੂ, ਦਿਆਲ ਚੰਦ ਇੰਸਾਂ, ਕ੍ਰਿਸ਼ਨ ਇੰਸਾਂ, ਸ਼ੁਭ ਅਤੇ ਜਸਕਰਨ ਸਿੰਘ ਇੰਸਾਂ ਆਦਿ ਨੇ ਦੱਸਿਆ ਕਿ ਅੱਗ ਕਾਫੀ ਭਿਆਨਕ ਸੀ ਜਿਸ ਨੂੰ ਕਾਬੂ ਪਾਉਣ ਵੇਲੇ ਕਾਫੀ ਮੁਸ਼ੱਕਤ ਕਰਨੀ ਪਈ।

## ਸਪੈਸ਼ਲ ਟਾਸਕ ਫੋਰਸ ਜਲੰਧਰ ਰੇਂਜ ਦੀ ਟੀਮ ਨੇ ਤਰਨਤਾਰਨ ਤੋਂ ਆਏ ਹੈਰੋਇਨ ਸਪਲਾਈ ਕਰਨ ਵਾਲੇ ਤਸਕਰ ਨੂੰ ਕਾਬੂ ਕੀਤਾ

ਪੰਜਾਬ ਦਾ ਖੁਲਾਸਾ

**ਜਲੰਧਰ 24 ਨਵੰਬਰ (ਅਮ੍ਰਿਤਪਾਲ ਸਿੰਘ)**: ਸਪੈਸ਼ਲ ਟਾਸਕ ਫੋਰਸ ਜਲੰਧਰ ਰੇਂਜ ਦੀ ਟੀਮ ਨੇ ਤਰਨਤਾਰਨ ਤੋਂ ਹੈਰੋਇਨ ਸਪਲਾਈ ਕਰਨ ਆਏ ਤਸਕਰ ਨੂੰ ਕਾਬੂ ਕਰਕੇ ਉਸ ਕੋਲੋਂ ਨਸ਼ਾ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਮੁਲਜ਼ਮ ਦੀ ਪਛਾਣ ਤਰਨਤਾਰਨ ਦੇ ਪਿੰਡ ਰਾਮ ਸਿੰਘ ਵਾਲਾ ਦੇ ਰਹਿਣ ਵਾਲੇ ਗੁਰਭੇਜ ਸਿੰਘ ਵਜੋਂ ਹੋਈ ਹੈ।



ਜਾਣਕਾਰੀ ਦਿੰਦੇ ਹੋਏ ਐਸਟੀਐਫ ਜਲੰਧਰ ਰੇਂਜ ਦੇ ਏਆਈਜੀ ਜਗਜੀਤ ਸਿੰਘ ਸਰੋਆ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਮੁਲਜ਼ਮ ਇਲਾਕੇ ਵਿੱਚ ਨਸ਼ਾ ਸਪਲਾਈ ਕਰਨ ਲਈ ਘੁੰਮ ਰਿਹਾ ਹੈ।ਸੂਚਨਾ ਦੇ ਆਧਾਰ 'ਤੇ ਸਬ-ਇੰਸਪੈਕਟਰ ਪਰਵੀਨ ਸਿੰਘ ਨੇ ਪੁਲਿਸ ਪਾਰਟੀ ਸਮੇਤ ਤਰਨਤਾਰਨ ਦੇ ਪਿੰਡ ਠੱਠਾ ਸਥਿਤ ਮਾਤਾ ਸ਼ੇਰਾਂ ਵਾਲੀ ਮੰਦਿਰ ਕੋਲ ਨਾਕਾਬੰਦੀ ਕਰ ਕੇ ਸ਼ੱਕ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ ਰੋਕ ਕੇ ਜਦ ਉਸ ਦੀ ਤਲਾਸ਼ੀ ਲਈ ਤਾਂ ਪੁਲਿਸ ਨੇ ਉਕਤ ਮੁਲਜ਼ਮ ਕੋਲੋਂ 530 ਗ੍ਰਾਮ ਹੈਰੋਇਨ ਬਰਾਮਦ ਕੀਤੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਐਸਟੀਐਫ ਥਾਣਾ ਮੁਹਾਲੀ ਵਿਖੇ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਏਆਈਜੀ ਨੇ ਦੱਸਿਆ ਕਿ ਪੁਲਿਸ ਦੀ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ 10ਵੀਂ ਪਾਸ ਹੈ। ਉਹ ਟੈਕਸੀ ਡਰਾਈਵਰ ਦਾ ਕੰਮ ਕਰਦਾ ਹੈ ਪਰ ਪਿਛਲੇ 8 ਮਹੀਨਿਆਂ ਤੋਂ ਬੇਰੁਜ਼ਗਾਰ ਸੀ। ਇਸ ਦੌਰਾਨ ਉਹ ਮਾੜੀ ਸੰਗਤ ਵਿਚ ਫਸ ਗਿਆ ਅਤੇ ਜ਼ਿਆਦਾ ਪੈਸੇ ਕਮਾਉਣ ਦੇ ਲਾਲਚ ਵਿਚ ਉਸ ਨੇ ਨਸ਼ੇ ਦੀ ਤਸਕਰੀ ਸ਼ੁਰੂ ਕਰ ਦਿੱਤੀ।

# ਹਿਊਮਨ ਰਾਈਟਸ ਪ੍ਰੈੱਸ ਕਲੱਬ (ਰਜਿ) ਪੰਜਾਬ ਦੀ ਇੱਕ ਅਹਿਮ ਮੀਟਿੰਗ

## ਡੇਢ ਦਹਾਕੇ ਤੋਂ ਲਗਾਤਾਰ ਖ਼ੂਨਦਾਨ ਕੈਂਪ, ਵਾਤਾਵਰਨ ਸੰਭਾਲ ਅਤੇ ਸਰੀਰ ਦੇ ਅੰਗ ਦਾਨ ਵਰਗੇ ਕਈ ਸਮਾਜ ਸੇਵਾ ਦੇ ਕੰਮ ਕਰ ਰਹੀ ਸੰਸਥਾ - ਐਡਵੋਕੇਟ ਗੁਪਤਾ

ਪੰਜਾਬ ਦਾ ਖੁਲਾਸਾ

**ਕਪੂਰਥਲਾ 24 ਨਵੰਬਰ ( ਕੌੜਾ )**– ਹਿਊਮਨ ਰਾਈਟਸ ਪ੍ਰੈੱਸ ਕਲੱਬ (ਰਜਿਸਟਰਡ) ਪੰਜਾਬ ਦੀ ਇੱਕ ਅਹਿਮ ਮੀਟਿੰਗ ਕਪੂਰਥਲਾ ਦਫਤਰ ਵਿਖੇ ਸੁਕੇਤ ਗੁਪਤਾ ਐਡਵੋਕੇਟ ਪੰਜਾਬ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਹਰ ਮਹੀਨੇ ਹਰ ਮੈਂਬਰ ਆਪਣੀ ਜੇਬ ਵਿੱਚੋਂ 200 ਰੁਪਏ ਕਿਸੇ ਨਾ ਕਿਸੇ ਸਮਾਜ ਸੇਵਾ ਦੇ ਕੰਮ ਲਈ ਦੇਵੇਗਾ। ਐਚ.ਆਰ.ਪੀ.ਸੀ ਦੇ ਦਿਹਾਤੀ ਮੁਖੀ ਤਰਸੇਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਪਿਛਲੇ 15 ਸਾਲਾਂ ਤੋਂ ਲਗਾਤਾਰ ਖ਼ੂਨਦਾਨ ਕੈਂਪ, ਵਾਤਾਵਰਨ ਸੰਭਾਲ ਅਤੇ ਸਰੀਰ ਦੇ ਅੰਗ ਦਾਨ ਵਰਗੇ ਕਈ ਸਮਾਜ ਸੇਵਾ ਦੇ ਕੰਮ ਕਰ ਰਹੀ ਹੈ । ਉਨ੍ਹਾਂ ਜ਼ਿਲ੍ਹਾ ਪੁਲਿਸ ਮੁਖੀ ਤੋਂ ਮੰਗ ਕੀਤੀ ਕਿ ਸ਼ਹਿਰ ਵਿੱਚ ਘੁੰਮ ਰਹੇ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਈ ਜਾਵੇ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸ਼ਹਿਰ ਨੂੰ ਸੁਰੱਖਿਅਤ ਕੀਤਾ ਜਾਵੇ। ਇਸੇ ਸੰਸਥਾ ਦੇ ਉੱਪ ਪ੍ਰਧਾਨ ਰਜਿੰਦਰ ਰਾਜੂ ਨੇ ਚਾਈਨਾ ਡੋਰ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਬਜ਼ਾਰ ਵਿੱਚ ਚਾਈਨਾ ਡੋਰ ਵੇਚਣ 'ਤੇ ਪਾਬੰਦੀ ਦੇ ਬਾਵਜੂਦ ਜਿਹੜੇ ਲੋਕ ਅਜੇ ਵੀ ਚਾਈਨਾ ਡੋਰ ਵੇਚ ਰਹੇ ਹਨ, ਉਨ੍ਹਾਂ ਨੂੰ ਪੁਲਿਸ ਵੱਲੋਂ ਛਾਪੇਮਾਰੀ ਕਰਕੇ ਰੋਕਿਆ ਜਾਵੇ। ਕਿਉਂਕਿ ਕਈ ਵਾਰ ਪਤੰਗ ਫੜਨ ਦੀ ਕੋਸ਼ਿਸ਼ ਕਰਦੇ ਸਮੇਂ ਛੋਟੇ ਬੱਚਿਆਂ ਦੇ ਗਲੇ 'ਚ ਚਾਈਨਾ ਦੀ ਸਤਰ ਲਪੇਟ ਜਾਂਦੀ ਹੈ, ਇਸੇ ਤਰ੍ਹਾਂ ਬਾਈਕ ਦੀ ਸਵਾਰੀ ਕਰਦੇ ਸਮੇਂ ਇਹ ਤਾਰ ਗਲ 'ਚ ਲਪੇਟ ਜਾਂਦੀ ਹੈ, ਇਸ ਲਈ ਉਨ੍ਹਾਂ ਦੀ ਸੰਸਥਾ ਹਰ ਕਦਮ ਨਾਲ ਕੰਮ ਕਰ ਰਹੀ ਹੈ ਪੁਲਿਸ ਨੇ ਇਸ ਨੂੰ ਤੁਰੰਤ ਰੋਕਣ ਲਈ ਕਿਹਾ ਹੈ। ਇਸ ਮੌਕੇ ਸੰਸਥਾ ਦੇ ਵਾਈਸ ਚੇਅਰਮੈਨ ਮਨੋਜ ਰੱਤੀ, ਜ਼ਿਲ੍ਹਾ ਚੇਅਰਮੈਨ ਸਰਬਜੀਤ ਸਿੰਘ, ਉਪ ਪ੍ਰਧਾਨ ਅਨੁਪਮ ਮਰਵਾਹਾ, ਰਜਿੰਦਰ ਕੁਮਾਰ ਕੈਸ਼ੀਅਰ, ਵਿਸ਼ਾਲ ਗੁਪਤਾ, ਦਿਹਾਤੀ ਪ੍ਰਧਾਨ ਤਰਸੇਮ ਸਿੰਘ, ਰਾਜਵਿੰਦਰ ਦਿਹਾਤੀ ਜਰਨਲ ਸਕੱਤਰ, ਜਗਮਿੰਦਰ ਉਪ ਪ੍ਰਧਾਨ ਦਿਹਾਤੀ, ਪ੍ਰਭਦੀਪ ਸਿੰਘ ਦਿਹਾਤੀ ਸੰਯੁਕਤ ਸਕੱਤਰ, ਡਾ. ਕਮਲ ਸਿੱਕਾ ਸਕੱਤਰ, ਆਕਾਸ਼ ਕਪੂਰ ਆਈ.ਟੀ ਸੈੱਲ ਇੰਚਾਰਜ, ਅਖਿਲ ਕੌੜਾ ਸਕੱਤਰ ਵਪਾਰ ਮੰਡਲ ਆਦਿ ਨੇ ਸ਼ਮੂਲੀਅਤ ਕੀਤੀ।



# ਖੰਨਾ ਦੇ ਪੰਚਾਇਤ ਅਫਸਰ ਕੁਲਦੀਪ ਸਿੰਘ ਖੀਰਨੀਆਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਹਿੜੂ ਵੱਲੋਂ ਸ਼ਾਨਦਾਰ ਸਨਮਾਨ

ਪੰਜਾਬ ਦਾ ਖੁਲਾਸਾ

**ਖੰਨਾ 24 ਨਵੰਬਰ (ਜੇ ਐਸ ਖੰਨਾ )** ਖੰਨਾ ਵਿਖੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿੱਚ ਬਤੌਰ ਪੰਚਾਇਤ ਅਫਸਰ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ, ਇਮਾਨਦਾਰੀ ਅਤੇ ਪੰਚਾਇਤਾਂ ਦੀਆਂ ਮੁਸ਼ਕਲਾਂ ਨੂੰ ਬਹੁਤ ਹੀ ਠਰੰਮੇ , ਲਾਜਵਾਬ ਅਤੇ ਸੁਚੱਜੇ ਤਰੀਕੇ ਨਾਲ ਹੱਲ ਕਰਨ ਵਾਲੇ ਪੰਚਾਇਤ ਅਫਸਰ ਕੁਲਦੀਪ ਸਿੰਘ ਖੀਰਨੀਆਂ ਦਾ ਅੱਜ ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਪਿੰਡ ਦਹਿੜੂ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਪਿੰਡ ਦੇ ਮੋਹਤਬਰ, ਇਲਾਕੇ ਅਤੇ ਨਗਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਐਨ ਆਰ ਆਈ ਸ਼ਖ਼ਸ਼ੀਅਤਾਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸਿਰਪਾਓ ਪਾ ਕੇ ਸ਼ਾਨਦਾਰ ਸਨਮਾਨ ਕੀਤਾ ਗਿਆ। ਪੰਚਾਇਤ ਅਫਸਰ ਕੁਲਦੀਪ ਸਿੰਘ ਨੇ ਬਤੌਰ ਪ੍ਰਬੰਧਕ ਪਿੰਡ ਦੀਆਂ ਕਾਫੀ ਮੁਸ਼ਕਲਾਂ ਅਤੇ ਵਿਕਾਸ ਕਾਰਜਾਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ। ਉਹਨਾਂ ਦਾ ਸਨਮਾਨ ਕਰਨ ਮੌਕੇ ਬਾਬਾ ਅਮਰੀਕ ਸਿੰਘ , ਪ੍ਰਧਾਨ ਗੁਰਦਿਆਲ ਸਿੰਘ ਅਤੇ ਮੈਂਬਰ ਪੰਚਾਇਤ ਜਸਵੰਤ ਸਿੰਘ ਜੱਸੀ ਨੇ ਕਿਹਾ ਕਿ ਪੰਚਾਇਤ ਅਫਸਰ ਕੁਲਦੀਪ ਸਿੰਘ ਨੇ ਪ੍ਰਬੰਧਕ ਦੇ ਚਾਰਜ ਸਮੇਂ ਦੇ ਦੌਰਾਨ ਗੁਰਦੁਆਰਾ ਸਾਹਿਬ ਦੇ ਅੱਗੇ ਵਾਲੇ ਏਰੀਏ ਵਿੱਚ ਇੰਟਰਲੌਕ ਟਾਈਲਾ ਲਗਾ ਕੇ ਬਹੁਤ ਹੀ ਆਹਲਾ ਦਰਜੇ ਦਾ ਅਤੇ ਪ੍ਰਸੰਸਾਯੋਗ ਕਾਰਜ ਕੀਤਾ ਹੈ। ਇਹ ਇੱਕ ਨਾ ਭੁੱਲਣ ਵਾਲਾ ਅਤੇ ਗੁਰੂ ਘਰ ਨੂੰ ਸਮਰਪਿਤ ਕਾਰਜ ਹੈ। ਇਸ ਮੌਕੇ ਕਿਰਪਾਲ ਸਿੰਘ ਦਸ਼ਮੇਸ਼ ਬੈਟਰੀ ਵਾਲੇ, ਮਹਿੰਦਰ ਸਿੰਘ ਬਾਬਾ ਜੀ , ਦਲਜਿੰਦਰ ਸਿੰਘ ਪ੍ਰਧਾਨ, ਜਸਪਾਲ ਸਿੰਘ ਡੀਸੀ, ਐਨ ਆਰ ਆਈ ਬਲਜਿੰਦਰ ਸਿੰਘ ਯੂਐਸਏ ਅਤੇ ਹਰਮਿੰਦਰ ਸਿੰਘ ਰਾਓ ਨੇ ਪੰਚਾਇਤ ਅਫਸਰ ਕੁਲਦੀਪ ਸਿੰਘ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਉਹਨਾਂ ਨੇ ਕਾਫੀ ਲੰਮੇ ਸਮੇਂ ਤੋਂ ਇੰਟਰਲੌਕ ਟਾਇਲਾਂ ਲਗਾਉਣ ਦੀ ਮੰਗ ਕਰ ਰਹੀਆਂ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕਰਕੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਹੈ। ਇਸ ਮੌਕੇ ਪੰਚਾਇਤ ਅਫਸਰ ਕੁਲਦੀਪ ਸਿੰਘ ਨੇ ਕਿਹਾ ਕਿ ਵਿਭਾਗ ਦੇ ਕੈਬਨਿਟ ਮੰਤਰੀ ਸਾਬ੍ਹ ਤਰਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਖੰਨਾ ਦੀ ਰਹਿਨੁਮਾਈ ਹੇਠ ਵਿਭਾਗ ਦੀ ਸਮੁੱਚੀ ਟੀਮ ਪਿੰਡਾਂ ਦੇ ਵਿਕਾਸ ਲਈ ਬਿਨਾਂ ਕਿਸੇ ਪੱਖਪਾਤ ਅਤੇ ਭੇਦਭਾਵ ਤੋਂ ਵਿਕਾਸ ਕਾਰਜਾਂ ਲਈ ਹਮੇਸ਼ਾ ਤਿਆਰ ਰਹਿੰਦੀ ਹੈ। ਉਹਨਾਂ ਕਿਹਾ ਕਿ ਇਲਾਕੇ ਵਿੱਚ ਅੱਗੇ ਤੋਂ ਵੀ ਜਰੂਰੀ ਅਤੇ ਪਿੰਡਾਂ ਦੇ ਸਰਬਪੱਖੀ ਵਿਕਾਸ ਦੇ ਕਾਰਜ ਬਿਨਾਂ ਕਿਸੇ ਪੱਖਪਾਤ ਅਤੇ ਭੇਦਭਾਵ ਤੋਂ ਜਾਰੀ ਰਹਿਣਗੇ। ਇਸ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਮੌਕੇ ਕਿਰਪਾਲ ਸਿੰਘ ਦਸ਼ਮੇਸ਼ ਬੈਟਰੀ ਵਾਲੇ , ਰਾਜਿੰਦਰਪਾਲ ਸਿੰਘ ਰਾਓ ਡੇਅਰੀ ਫਾਰਮ ਵਾਲੇ, ਪ੍ਰਧਾਨ ਗੁਰਦਿਆਲ ਸਿੰਘ, ਬਾਬੂ ਰਤਨ ਸਿੰਘ, ਕੌਰ ਸਿੰਘ, ਹਰਿੰਦਰ ਸਿੰਘ ਪਹਿਲਵਾਨ, ਗਿਆਨੀ ਗੁਲਜ਼ਾਰ ਸਿੰਘ, ਤਾਰਾ ਸਿੰਘ, ਗੁਰਮੁਖ ਸਿੰਘ, ਹਰਦੇਵ ਸਿੰਘ , ਨੰਬਰਦਾਰ ਨਾਜਰ ਸਿੰਘ, ਸੈਕਟਰੀ ਚਰਨ ਸਿੰਘ, ਅਮਨਦੀਪ ਸਾਹਿਲ, ਰਾਜਵਿੰਦਰ ਸਿੰਘ ਰਾਜਾ , ਹਰਿੰਦਰ ਸਿੰਘ ਅਤੇ ਜਗਤਾਰ ਸਿੰਘ ਤੋਂ ਇਲਾਵਾ ਨਗਰ ਦੀਆਂ ਪ੍ਰਮੁੱਖ ਸ਼ਖ਼ਸ਼ੀਅਤਾਂ ਮੌਜੂਦ ਸਨ। ਇਸ ਮੌਕੇ ਸਨਮਾਨਿਤ ਹੋਣ ਉਪਰੰਤ ਪੰਚਾਇਤ ਅਫਸਰ ਕੁਲਦੀਪ ਸਿੰਘ ਨੇ ਕਿਹਾ ਕਿ ਮੈਂ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ , ਸਮੁੱਚੀ ਪੰਚਾਇਤ ਅਤੇ ਪ੍ਰਮੁੱਖ ਸਖ਼ਸ਼ੀਅਤਾਂ ਦਾ ਇਸ ਸਨਮਾਨ ਦੇ ਲਈ ਹਮੇਸ਼ਾ ਰਿਣੀ ਰਹਾਂਗਾ ਅਤੇ ਅੱਗੇ ਤੋਂ ਵੀ ਆਪਣੀਆਂ ਸੇਵਾਵਾਂ ਸਰਬਪੱਖੀ ਵਿਕਾਸ ਲਈ ਜਾਰੀ ਰੱਖਾਂਗਾ।





# ਕਿਸੇ ਵੀ ਐਮਰਜੈਂਸੀ ਹਾਲਾਤਾਂ ਨਾਲ ਨਜਿੱਠਣ ਲਈ ਫਰੀਦਕੋਟ ਪੁਲਿਸ ਵੱਲੋਂ ਦੰਗਾ ਰੋਧੀ ਸਾਜੋ-ਸਮਾਨ ਦੀ ਕੀਤੀ ਸਮੀਖਿਆ

ਪੰਜਾਬ ਦਾ ਖੁਲਾਸਾ

**ਫਰੀਦਕੋਟ 24 ਨਵੰਬਰ, (ਗੁਰਦੀਪ ਸਿੰਘ ਢਿੱਲੋਂ)**– ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਪਬਲਿਕ ਦੀ ਸੁਰੱਖਿਆ ਅਤੇ ਕਾਨੂੰਨ-ਵਿਵਸਥਾ ਨੂੰ ਯਕੀਨੀ ਬਣਾਉਣ ਲਈ ਇੱਕ ਵਿਸ਼ੇਸ਼ ਕਾਰਵਾਈ ਕੀਤੀ ਗਈ। ਇਸ ਸਬੰਧ ਵਿਚ ਫਰੀਦਕੋਟ ਦੇ ਸਾਰੇ ਥਾਣਿਆਂ ਅਤੇ ਚੌਕੀਆਂ ਵਿੱਚ ਮੁੱਖ ਅਫਸਰ ਥਾਣਾ ਅਤੇ ਚੌਕੀ ਇੰਚਾਰਜਾਂ ਵੱਲੋਂ ਦੰਗਾ ਰੋਧੀ ਸਾਜੋ-ਸਮਾਨ ਦੀ ਗਹਿਰਾਈ ਨਾਲ ਜਾਂਚ ਕੀਤੀ ਗਈ ਅਤੇ ਉਹਨਾਂ ਦੇ ਸਹੀ ਰੱਖ-ਰਖਾਅ ਦੀ ਸਮੀਖਿਆ ਕੀਤੀ ਗਈ। ਇਸ ਕਾਰਵਾਈ ਦਾ ਮੁੱਖ ਮਕਸਦ ਸਾਜੋ-ਸਮਾਨ ਦੀ ਸਹੀ ਕਮੀਆਂ ਦੀ ਪਛਾਣ ਕਰਨਾ, ਉਸ ਦੀ ਸੁਰੱਖਿਆ ਅਤੇ ਸਹੀ ਰੱਖ-ਰਖਾਅ ਨੂੰ ਯਕੀਨੀ ਬਣਾਉਣਾ ਸੀ। ਇਹ ਸਮੀਖਿਆ ਇਸ ਗੱਲ ਦੀ ਭਰੋਸੇਯੋਗਤਾ ਯਕੀਨੀ ਬਣਾਉਣ ਲਈ ਕੀਤੀ ਗਈ ਕਿ ਕਿਸੇ ਵੀ ਐਮਰਜੈਂਸੀ ਜਾਂ ਅਸਥਿਰਤਾ ਦੇ ਮੌਕੇ 'ਤੇ ਫਰੀਦਕੋਟ ਪੁਲਿਸ ਸਥਿਤੀ ਨੂੰ ਜਲਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਵਿੱਚ ਲਿਆ ਜਾ ਸਕੇ। ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਫਰੀਦਕੋਟ ਪੁਲਿਸ ਦੰਗਾ ਰੋਕੂ ਸਾਜੋ-ਸਮਾਨ ਦੀ ਮਦਦ ਨਾਲ ਸਥਿਤੀ ਨੂੰ ਕਾਬੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਦੇ ਨਾਲ ਹੀ ਪੁਲਿਸ ਕਰਮਚਾਰੀਆਂ ਨੂੰ ਦੰਗਾ ਰੋਧੀ ਸਾਜੋ-ਸਮਾਨ ਜਿਵੇਂ ਕਿ ਕੇਨ-ਸ਼ੀਲਡ, ਡੰਡੇ, ਹੈਲਮਟ, ਟੀਅਰ ਗੈਸ ਗੰਨ ਆਦਿ ਦੀ ਵਰਤੋਂ ਅਤੇ ਉਹਨਾਂ ਦੀ ਸਥਿਤੀ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ। ਦੰਗਾ ਰੋਧੀ ਟੇਕਨਿਕਸ ਅਤੇ ਜ਼ਰੂਰੀ ਪ੍ਰੋਟੋਕਾਲ ਦੇ ਅਭਿਆਸ ਨੂੰ ਵੀ ਜ਼ੋਰ ਦਿੱਤਾ ਗਿਆ, ਤਾਂ ਜੋ ਐਮਰਜੈਂਸੀ ਦੇ ਸਮੇਂ ਕਾਰਵਾਈ ਸ਼ੁੱਧ ਅਤੇ ਸੁਚੱਜੀ ਹੋਵੇ।





# ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਕਿਸਾਨ ਦੇ ਹੱਕ ਵਿੱਚ ਕੀਤਾ ਰੋਸ ਮੁਜ਼ਾਹਰਾ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 24 ਨਵੰਬਰ (ਦਿਨੇਸ਼ ਸੋਨੀ)** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਅੱਜ ਪਿੰਡ ਕੋਟਲਾ ਡੂਮ ਵਿਖੇ ਜਮੀਨ ਠੇਕੇ 'ਤੇ ਦੇਣ ਵਾਲੇ ਕਿਸਾਨ ਦੇ ਹੱਕ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ। ਯੂਨੀਅਨ ਵੱਲੋਂ ਬਲਾਕ ਚੋਗਾਵਾਂ ਦੇ ਪ੍ਰਧਾਨ ਸਵਿੰਦਰ ਸਿੰਘ ਕਲੇਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਪਿੰਡ ਕੋਟਲਾ ਡੂਮ ਵਿਖੇ ਹੋਈ ਲੜਾਈ ਸਮੇਂ ਇੱਕ ਨੌਜਵਾਨ ਦਾ ਕਤਲ ਹੋ ਗਿਆ ਸੀ ਅਤੇ ਕਤਲ ਵਿੱਚ ਸ਼ਾਮਿਲ ਨੌਜਵਾਨ ਨੇ ਕੁਝ ਜ਼ਮੀਨ ਠੇਕੇ ਤੇ ਲਈ ਹੋਈ ਸੀ, ਉਸ ਤੋਂ ਬਾਅਦ ਠੇਕੇ 'ਤੇ ਜ਼ਮੀਨ ਲੈਣ ਵਾਲੇ ਕਿਸਾਨ ਵੱਲੋਂ ਬੀਜਿਆ ਝੋਨਾ ਪ੍ਰਸ਼ਾਸਨ ਵੱਲੋਂ ਵੱਢਣ ਤੋਂ ਰੋਕ ਦਿੱਤਾ ਗਿਆ, ਜਿਸ ਕਰਕੇ ਉਹ ਝੋਨਾ ਪੈਲੀ ਵਿੱਚ ਹੀ ਖਰਾਬ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਠੇਕੇ ਤੇ ਜ਼ਮੀਨ ਦੇਣ ਵਾਲੇ ਕਿਸਾਨ ਨੇ ਅਜੇ ਤੱਕ ਠੇਕਾ ਵੀ ਨਹੀਂ ਲਿਆ ਅਤੇ ਉਸ ਨੂੰ ਆਪਣੀ ਜ਼ਮੀਨ ਵਿੱਚੋਂ ਝੋਨਾ ਵੱਢਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾ ਰਹੀ, ਜਿਸਦਾ ਕਿ ਕੋਈ ਕਸੂਰ ਵੀ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਉਹ ਕਿਸਾਨ ਨੂੰ ਝੋਨਾ ਵੱਢਣ ਦੀ ਇਜਾਜ਼ਤ ਦੇਣ, ਜੇਕਰ ਪ੍ਰਸ਼ਾਸਨ ਨੇ ਉਨ੍ਹਾਂ ਦੀ ਗੱਲ ਨਾ ਸੁਣੀ ਤਾਂ ਉਹ ਇਸ ਵਾਸਤੇ ਵੀ ਸੰਘਰਸ਼ ਕਰਨਗੇ ਅਤੇ ਖੁਦ ਝੋਨਾ ਵਢਾਉਣਗੇ।

ਜ਼ਮੀਨ ਦੇ ਮਾਲਕ ਕੇਵਲ ਸਿੰਘ ਕੋਟਲਾ ਡੂਮ ਨੇ ਕਿਹਾ ਕਿ ਜੋ ਵੀ ਘਟਨਾ ਵਾਪਰੀ ਹੈ, ਉਸ ਦਾ ਉਨ੍ਹਾਂ ਨੂੰ ਅਫਸੋਸ ਹੈ ਅਤੇ ਪੀੜਤ ਪਰਿਵਾਰ ਨਾਲ ਹਮਦਰਦੀ ਵੀ ਹੈ, ਪਰ ਉਨ੍ਹਾਂ ਨੇ ਜਿਸ ਕਿਸਾਨ ਨੂੰ ਪੈਲੀ ਠੇਕੇ 'ਤੇ ਦਿੱਤੀ ਸੀ, ਉਸਦੇ ਵਿਰੁੱਧ ਪਰਚਾ ਦਰਜ ਹੋ ਗਿਆ ਹੈ, ਪਰ ਉਨ੍ਹਾਂ ਦਾ ਕੋਈ ਕਸੂਰ ਨਹੀਂ, ਕਿਉਂਕਿ ਉਨ੍ਹਾਂ ਨੂੰ ਨਾ ਤਾਂ ਠੇਕਾ ਮਿਲਿਆ ਹੈ ਅਤੇ ਨਾ ਹੀ ਝੋਨਾ ਵੱਢਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚੋਂ ਝੋਨਾ ਵੱਢਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਕਿ ਉਹ ਸਮੇ ਸਿਰ ਕਣਕ ਦੀ ਫ਼ਸਲ ਬੀਜ ਸਕਣ। ਇਸ ਮੌਕੇ 'ਤੇ ਗੁਰਤਾਜ ਸਿੰਘ ਰਾਮ ਤੀਰਥ, ਬਲਬੀਰ ਸਿੰਘ ਬੋਪਾਰਾਏ, ਸਾਹਿਬ ਸਿੰਘ ਚੈਨਪੁਰ, ਗੁਲਜਾਰ ਸਿੰਘ ਕੋਟਲਾ, ਕਸ਼ਮੀਰ ਸਿੰਘ ਕੋਟਲਾ, ਸਤਨਾਮ ਸਿੰਘ ਕੋਟਲਾ ਆਦਿ ਕਿਸਾਨ ਆਗੂ ਹਾਜ਼ਰ ਸਨ।



# ਕਿਸੇ ਵੀ ਐਮਰਜੈਂਸੀ ਹਾਲਾਤਾਂ ਨਾਲ ਨਜਿੱਠਣ ਲਈ ਫਰੀਦਕੋਟ ਪੁਲਿਸ ਵੱਲੋਂ ਪੁਲਿਸ ਕਰਮਚਾਰੀਆਂ ਨੂੰ ਦਿੱਤੀ ਗਈ ਸਪੈਸ਼ਲ ਟ੍ਰੇਨਿੰਗ

ਪੰਜਾਬ ਦਾ ਖੁਲਾਸਾ

**ਫਰੀਦਕੋਟ 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਪੁਲਿਸ ਲਾਈਨ ਫਰੀਦਕੋਟ ਵਿਖੇ ਸਪੈਸ਼ਲ ਮੋਕ ਡਰਿੱਲ ਦਾ ਆਯੋਜਨ ਕੀਤਾ ਗਿਆ, ਤਾਂ ਕਿ ਕਿਸੇ ਵੀ ਐਮਰਜੈਂਸੀ ਸਥਿਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਤਿਆਰੀਆਂ ਨੂੰ ਯਕੀਨੀ ਬਣਾਇਆ ਜਾ ਸਕੇ। ਜਿਸ ਦੌਰਾਨ ਬੁਲੇਟ ਪਰੂਫ, ਰੈਪਿਡ ਰਿਸਪਾਂਸ ਵਾਹਨਾਂ, ਕੇਨ ਸ਼ੀਲਡ, ਹੈਲਮੇਟ, ਬਾਡੀ ਪ੍ਰੋਟੈਕਟਰ, ਅੱਥਰੂ ਗੈਸ, ਬੈਰੀਕੇਡ ਅਤੇ ਅਣਸੁਖਾਵੀਂ ਸਥਿਤੀਆਂ ਨਾਲ ਨਜਿੱਠਣ ਲਈ ਵਰਤੇ ਜਾਣ ਵਾਲੇ ਹੋਰ ਸਮਾਨ ਦੀ ਜਾਂਚ ਕੀਤੀ ਗਈ ਅਤੇ ਥੋੜ੍ਹੇ ਸਮੇਂ ਵਿੱਚ ਅੱਗੇ ਵਧਣ ਲਈ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਜੋ ਕਾਨੂੰਨ ਅਤੇ ਵਿਵਸਥਾ ਦੀਆਂ ਸਥਿਤੀਆਂ ਵਿੱਚ ਜਵਾਬਦੇਹੀ ਨੂੰ ਵਧਾਉਣ ਦੇ ਉਦੇਸ਼ ਨਾਲ ਕੀਤਾ ਗਿਆ ਸੀ।

ਇਸ ਦੌਰਾਨ ਪੁਲਿਸ ਕਰਮਚਾਰੀਆਂ ਨੂੰ ਟ੍ਰੇਨਿੰਗ ਦੌਰਾਨ ਪ੍ਰਦਰਸ਼ਨਕਾਰੀਆਂ ਅਤੇ ਦੰਗਾਕਾਰੀਆਂ ਨਾਲ ਅਸਾਨੀ ਨਾਲ ਨਜਿੱਠਣ ਸਬੰਧੀ ਹਦਾਇਤਾਂ ਦਿੱਤੀਆਂ ਤਾ ਕਿ ਜਿਲ੍ਹਾ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਬਰਕਰਾਰ ਰੱਖੀ ਜਾ ਸਕੇ। ਇਸ ਟ੍ਰੇਨਿੰਗ ਦੌਰਾਨ ਪੁਲਿਸ ਕਰਮਚਾਰੀਆਂ ਨੂੰ ਸੁਰੱਖਿਆ ਤਕਨੀਕਾਂ ਦੀ ਜਾਣਕਾਰੀ ਦਿੱਤੀ ਗਈ ਤਾਂ ਕਿ ਕਿਸੇ ਵੀ ਐਮਰਜੈਂਸੀ ਦੀ ਹਾਲਤਾਂ ਨਾਲ ਨਜਿੱਠਿਆ ਜਾ ਸਕੇ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮੋਕ ਡਰਿੱਲ ਸਮੇਂ-ਸਮੇਂ 'ਤੇ ਕਰਵਾਈ ਜਾਂਦੀ ਹੈ, ਤਾਂ ਜੋ ਸਾਰੇ ਪੁਲਿਸ ਕਰਮਚਾਰੀਆਂ ਨੂੰ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਨਜਿੱਠਣ ਲਈ ਤਿਆਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜਿਲ੍ਹਾ ਫਰੀਦਕੋਟ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣਾ ਪੁਲਿਸ ਦੀ ਮੁੱਖ ਜ਼ਿੰਮੇਵਾਰੀ ਹੈ ਅਤੇ ਅਜਿਹੀਆਂ ਮੋਕ ਡਰਿੱਲਾਂ ਨਾਲ ਪੁਲਿਸ ਕਰਮਚਾਰੀਆਂ ਦੀ ਟਰੇਨਿੰਗ ਨੂੰ ਹੋਰ ਮਜ਼ਬੂਤ ਕੀਤਾ ਜਾਂਦਾ ਹੈ। ਇਹ ਆਧੁਨਿਕ ਉਪਕਰਣ ਸਿਰਫ਼ ਸੁਰੱਖਿਆ ਲਈ ਹੀ ਨਹੀਂ, ਸਗੋਂ ਆਮ ਲੋਕਾਂ ਦੀ ਭਲਾਈ ਲਈ ਵੀ ਵਰਤੇ ਜਾਣਗੇ।



## ਜਨਮ ਦਿਨ ਮੁਬਾਰਕ




ਅਭੀ ਜੋਤ ਸ਼ੇਰਗਿਲ
ਪਿਤਾ ਵਿਜੇ ਕੁਮਾਰ
ਮਾਤਾ ਮਨਪ੍ਰੀਤ ਕੌਰ
ਪਿੰਡ ਖਾਨਪੁਰ
ਜਿਲਾ ਕਪੂਰਥਲਾ

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ ਦੇ ਸੰਬਧ ਵਿੱਚ ਸਾਲਾਨਾ ਜੋੜ ਮੇਲਾ 1 ਦਸੰਬਰ ਨੂੰ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 24 ਨਵੰਬਰ (ਦਿਨੇਸ਼ ਸੋਨੀ)** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ ਦੇ ਸੰਬਧ ਵਿੱਚ ਸਾਲਾਨਾ ਜੋੜ ਮੇਲਾ 1 ਦਸੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਖਿਆਲਾ ਚੌਂਕ ਛਾਉਣੀ, ਮਿਸਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤਰਨਾ ਦਲ, ਨਿਹੰਗ ਸਿੰਘਾਂ ਦੇ ਮੁਖੀ ਜਥੇਦਾਰ ਬਾਬਾ ਰਘਬੀਰ ਸਿੰਘ ਖਿਆਲੇ ਵਾਲਿਆਂ ਦੀ ਅਗਵਾਈ ਹੇਠ ਬੜੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਦੇ ਭੋਗ ਉਪਰੰਤ ਸਜਾਏ ਜਾਣ ਵਾਲੇ ਧਾਰਮਿਕ ਦੀਵਾਨ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਜਥੇਦਾਰ ਬਾਬਾ ਮਹਿਤਾਬ ਸਿੰਘ, ਭਾਈ ਗੁਰਭੇਜ ਸਿੰਘ ਚਵਿੰਡਾ ਢਾਡੀ ਜੱਥਾ, ਆਜ਼ਾਦ ਕਵੀਸ਼ਰ ਜਥਾ ਭਾਈ ਸੁਖਰਾਜ ਸਿੰਘ ਚੋਗਾਵਾਂ, ਕਵੀਸ਼ਰ ਜਥਾ ਭਾਈ ਸੁਖਬੀਰ ਸਿੰਘ, ਬਾਬਾ ਹਰਕੀਰਤ ਸਿੰਘ ਜੀ ਲੂਣ ਮੰਡੀ ਵਾਲੇ, ਭਾਈ ਪਰਮਪਾਲ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ, ਕਵੀਸ਼ਰੀ ਜਥਾ ਭਾਈ ਕਿਰਪਾਲ ਸਿੰਘ ਗਗੜੇਵਾਲ, ਕਵੀਸ਼ਰੀ ਜਥਾ ਭਾਈ ਪਲਵਿੰਦਰ ਸਿੰਘ ਖਾਸਾ ਸੰਗਤਾਂ ਦੇ ਸਨਮੁੱਖ ਹਾਜ਼ਰੀਆਂ ਭਰਨਗੇ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਬਾਬਾ ਧੰਨਾ ਸਿੰਘ ਖਿਆਲੇ ਵਾਲਿਆਂ ਨੇ ਦੱਸਿਆ ਕਿ ਸ਼ਾਮ ਨੂੰ ਨਿਹੰਗ ਸਿੰਘ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਪੁਰਾਤਨ ਰਵਾਇਤ ਅਨੁਸਾਰ ਘੋੜ ਸਵਾਰੀ, ਨੇਜਾ ਬਾਜੀ, ਸ਼ਸਤਰ ਵਿਦਿਆ ਦੇ ਜੌਹਰ ਵਿਖਾਏ ਜਾਣਗੇ ਅਤੇ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਹਾਜ਼ਰੀਆਂ ਭਰਨਗੇ।





# ਗਿੱਦੜਬਾਹਾ ਵਿਧਾਨ ਸਭਾ ਸੀਟ ਪਹਿਲੀ ਵਾਰ ਆਮ ਆਦਮੀ ਪਾਰਟੀ ਦੀ ਝੋਲੀ ਪਈ

## ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਪਾਰਟੀ ਦੀ ਅੰਮ੍ਰਿਤਾ ਵੜਿੰਗ ਨੂੰ 21969 ਵੋਟਾਂ ਨਾਲ ਹਰਾਇਆ

ਪੰਜਾਬ ਦਾ ਖੁਲਾਸਾ

**ਗਿੱਦੜਬਾਹਾ, 24 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)** - ਵਿਧਾਨ ਸਭਾ ਹਲਕਾ ਗਿਦੜਬਾਹਾ ਦੀ ਹੋਈ ਜਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਨੇ ਜਿੱਤ ਪ੍ਰਾਪਤ ਕਰ ਲਈ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋ ਨੇ ਕਾਂਗਰਸ ਪਾਰਟੀ ਦੀ ਉਮੀਦਵਾਰ ਅੰਮ੍ਰਿਤਾ ਵੜਿੰਗ ਨੂੰ 21969 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ ਜਦੋਂ ਕਿ 4 ਵਾਰ ਗਿੱਦੜਬਾਹਾ ਤੋਂ ਵਿਧਾਇਕ ਰਹੇ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਆਪਣੀ ਜਮਾਨਤ ਤੱਕ ਵੀ ਨਹੀਂ ਬਚਾ ਸਕੇ। ਮਨਪ੍ਰੀਤ ਬਾਦਲ ਨੂੰ ਸਿਰਫ 12227 ਵੋਟਾਂ ਹੀ ਮਿਲੀਆਂ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸੁਖਰਾਜ ਕਰਨ ਸਿੰਘ ਨਿਆਮੀਵਾਲਾ ਨੂੰ ਸਿਰਫ 715 ਵੋਟਾਂ ਹੀ ਮਿਲੀਆਂ ਜਦੋਂ ਕਿ ਨੋਟਾ ਨੂੰ 889 ਲੋਕਾਂ ਨੇ ਵੋਟ ਪਈ ਬਾਕੀ ਦੇ ਸਾਰੇ ਅਜਾਦ ਉਮੀਦਵਾਰਾਂ ਚੋਂ ਕੋਈ ਵੀ 1000 ਦਾ ਅੰਕੜਾ ਪਾਰ ਨਹੀਂ ਕਰ ਸਕਿਆ।

2 ਵਾਰ ਦੀ ਹਾਰ ਤੋਂ ਬਾਅਦ ਅਖੀਰ ਵਿਧਾਇਕ ਬਣੇ ਡਿੰਪੀ ਢਿੱਲੋਂ - ਹਰਦੀਪ ਸਿੰਘ ਡਿੰਪੀ ਢਿੱਲੋਂ ਸਾਲ 2017 ਅਤੇ 2022 ਵਿੱਚ ਅਕਾਲੀ ਦਲ ਬਾਦਲ ਦੀ ਟਿਕਟ ਤੋਂ ਗਿੱਦੜਬਾਹਾ ਦੀ ਚੋਣ ਲੜੇ ਅਤੇ ਦੋਵੇਂ ਹੀ ਵਾਰ ਉਹ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਹਾਰ ਗਏ ਪਰੰਤੂ ਇਸ ਵਾਰ ਉਨ੍ਹਾਂ ਆਮ ਆਦਮੀ ਪਾਰਟੀ ਵੱਲੋਂ ਚੋਣ ਲੜੀ ਅਤੇ ਇਤਿਹਾਸਕ ਜਿੱਤ ਦਰਜ ਕੀਤੀ - ਜਿੱਤ ਤੋਂ ਬਾਅਦ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਜੋ ਪਿਆਰ ਅਤੇ ਵਿਸ਼ਵਾਸ਼ ਗਿੱਦੜਬਾਹਾ ਦੇ ਲੋਕਾਂ ਨੇ ਉਨ੍ਹਾਂ ਨੂੰ ਦਿੱਤਾ ਹੈ, ਉਸਦਾ ਦੇਣ ਉਹ ਸਾਰੀ ਜਿੰਦਗੀ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਵਿਸ਼ਵਾਸ ਤੇ ਖਰੇ ਉਤਰਨਗੇ ਅਤੇ ਹਲਕੇ ਦੇ ਵਿਕਾਸ ਵਿਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦੇਣਗੇ।

×ਜਿੱਤਣ ਤੋਂ ਬਾਅਦ ਕੱਢਿਆ ਸ਼ਹਿਰ ਵਿਚ ਜਲੂਸ× - ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਹਜ਼ਾਰਾਂ ਸਮਰਥਕਾਂ ਨਾਲ ਸ਼ਹਿਰ ਵਿਚ ਜੇਤੂ ਜਲੂਸ ਕੱਢਿਆ। ਇਸ ਮੌਕੇ ਲੋਕਾਂ ਨੇ ਨਵੇਂ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦਾ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ। ਲੋਕਾਂ ਨੇ ਗੁਲਾਲ ਖੇਡੀ ਅਤੇ ਪਟਾਕੇ ਚਲਾਏ। ਕਈ ਜਗ੍ਹਾ ਸਮਰਥਕਾਂ ਵੱਲੋਂ ਡਿੰਪੀ ਢਿੱਲੋਂ ਤੇ ਨੋਟਾਂ ਦੀ ਵਰਖਾ ਵੀ ਕੀਤੀ ਗਈ।×ਉਧਰ-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮਾਤਾ ਪਹੁੰਚੇ ਡਿੰਪੀ ਢਿੱਲੋਂ ਦੇ ਘਰ - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਮਾਤਾ ਹਰਪਾਲ ਕੌਰ ਢਿੱਲੋਂ ਪਰਿਵਾਰ ਨੂੰ ਜਿੱਤ ਦੀ ਵਧਾਈ ਦੇਣ ਲਈ ਉਚੇਚੇ ਤੌਰ ਤੇ ਡਿੰਪੀ ਢਿੱਲੋਂ ਦੇ ਘਰ ਪੁੱਜੇ ਅਤੇ ਜਿੱਤ ਦੀ ਵਧਾਈ ਦਿੱਤੀ।



# ਝੋਨੇ ਦੀ ਕਟੌਤੀ ਦੇ ਵਿਰੋਧ ਵਿੱਚ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਵੱਲੋਂ ਮਾਰਕੀਟ ਕਮੇਟੀ ਦਫ਼ਤਰ ਸੁਲਤਾਨਪੁਰ ਲੋਧੀ ਅੱਗੇ ਧਰਨਾ

**(1 ਹਫ਼ਤੇ ਵਿੱਚ ਸ਼ੈਲਰ ਮਾਲਕਾਂ ਨੇ ਲੁੱਟੇ ਪੈਸੇ ਵਾਪਸ ਨਾ ਕੀਤੇ ਤਾਂ ਘਿਰਾਓ ਕਰਾਂਗੇ -ਕੋਟਬੁੱਢਾ) ਕਿਸਾਨ ਸਬੂਤਾਂ ਸਮੇਤ ਸੰਘਰਸ਼ ਕਮੇਟੀ ਨਾਲ ਸੰਪਰਕ ਕਰਨ-ਬੱਗਾ**

ਪੰਜਾਬ ਦਾ ਖੁਲਾਸਾ

**ਫੱਤੂ ਢੀਂਗਾ,24 ਨਵੰਬਰ (ਅਮਨਦੀਪ ਕੌਰ)**- ਸੁਲਤਾਨਪੁਰ ਲੋਧੀ ਹਲਕੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸਮੇਂ ਸ਼ੈਲਰ ਮਾਲਕਾਂ ਵੱਲੋਂ ਕੀਤੀ ਗਈ ਲੁੱਟ ਦੇ ਵਿਰੋਧ ਵਿੱਚ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਵੱਲੋਂ ਅੱਜ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਬੱਗਾ ਦੀ ਅਗਵਾਈ ਹੇਠ ਜ਼ਬਰਦਸਤ ਧਰਨਾ ਦਿੱਤਾ ਗਿਆ।ਇਸ ਮੌਕੇ ਇਕੱਤਰ ਜਥੇਬੰਦੀ ਦੇ ਆਗੂਆਂ ਅਤੇ ਇਲਾਕੇ ਦੇ ਕਿਸਾਨਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਐਲਾਨ ਕੀਤਾ ਕਿ ਜੇ ਇੱਕ ਹਫ਼ਤੇ ਦੇ ਅੰਦਰ ਅੰਦਰ ਸ਼ੈਲਰ ਮਾਲਕਾਂ ਵੱਲੋਂ ਝੋਨੇ ਦੀ ਕਟੌਤੀ ਦੇ ਪੈਸੇ ਕਿਸਾਨਾਂ ਨੂੰ ਵਾਪਿਸ ਨਾ ਕੀਤੇ ਗਏ ਤਾਂ ਸੂਬਾਈ ਪੱਧਰ ਤੇ ਸੰਘਰਸ਼ ਛੇੜਿਆ ਜਾਵੇਗਾ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਕਿਹਾ ਕਿ ਬਾਬੇ ਨਾਨਕ ਦੀ ਧਰਤੀ ਉੱਪਰ ਹੀ ਵੱਡੇ ਪੱਧਰ ਤੇ ਕਿਸਾਨਾਂ ਨਾਲ਼ ਲੁੱਟ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਸੁਲਤਾਨਪੁਰ ਲੋਧੀ ਬਲਾਕ ਦੀਆਂ ਮੰਡੀਆਂ ਵਿੱਚ ਸਭ ਤੋਂ ਵੱਧ ਸ਼ੈਲਰ ਮਾਲਕਾਂ ਵੱਲੋਂ ਮਿਲੀਭੁਗਤ ਨਾਲ ਝੋਨੇ ਦੀ ਖਰੀਦ ਸਮੇਂ 300 ਰੁਪਏ ਤੋਂ ਲੈਕੇ ਕੇ 500 ਰੁਪਏ ਤੱਕ ਕੱਟ ਲਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਸੁਲਤਾਨਪੁਰ ਲੋਧੀ ਦੇ ਨਾਲ ਲੱਗਦੀਆਂ ਮੰਡੀਆਂ ਲੋਹੀਆਂ, ਸ਼ਾਹਕੋਟ, ਨਕੋਦਰ, ਮਹਿਤਪੁਰ ਆਦਿ ਵਿੱਚ ਝੋਨੇ ਦੀ ਖਰੀਦ ਸਮੇਂ ਕੋਈ ਕਟੌਤੀ ਨਹੀਂ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਜਿੱਥੋਂ ਲੁੱਟ ਸ਼ੁਰੂ ਹੋਈ ਹੈ ਉੱਥੇ ਹੀ ਸੰਘਰਸ਼ ਕਰਕੇ ਇਸ ਨੂੰ ਖ਼ਤਮ ਕੀਤਾ ਜਾਵੇਗਾ।ਇਸ ਮੌਕੇ ਬੋਲਦਿਆਂ ਸੂਬਾ ਆਗੂ ਰਣਜੀਤ ਸਿੰਘ ਅਲੀਵਾਲ ਨੇ ਕਿਹਾ ਕਿ ਕਪੂਰਥਲੇ ਜ਼ਿਲ੍ਹੇ ਵਿੱਚ ਵੱਡੇ ਰਾਜਨੀਤਕ ਆਗੂਆਂ ਦੇ ਹੁੰਦੇ ਹੋਏ ਵੀ ਲੁੱਟ ਵੱਡੇ ਪੱਧਰ ਤੇ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਟਿੱਬਾ ਮੰਡੀ ਵਿੱਚ ਵੀ ਸ਼ੈਲਰ ਮਾਲਕਾਂ ਵੱਲੋਂ ਆਪਣੀਆਂ ਮਨਮਾਨੀਆਂ ਕੀਤੀਆਂ ਗਈਆਂ ਹਨ। ਇਸ ਮੌਕੇ ਰਣਜੀਤ ਸਿੰਘ ਕੋਟਲੀ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦਾ ਲੁੱਟਿਆ ਹੋਇਆ ਪੈਸਾ ਹਰ ਹਾਲਤ ਵਿੱਚ ਵਾਪਸ ਕਰਵਾਇਆ ਜਾਵੇਗਾ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਪੂਰਥਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਤੇ ਕੀਤੀ ਗਈ ਕਟੌਤੀ ਦੇ ਸਬੂਤ ਲੈ ਕੇ ਸੰਘਰਸ਼ ਕਮੇਟੀ ਕੋਟ ਬੁੱਢਾ ਨਾਲ ਤਰੁੰਤ ਸੰਪਰਕ ਕਰਨ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਬੱਗਾ ਨੇ ਸਮੂਹ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਰ ਹਾਲਤ ਵਿੱਚ ਇਨਸਾਫ਼ ਦਿਵਾਇਆ ਜਾਵੇਗਾ।ਇਸ ਮੌਕੇ ਜਗਜੀਤ ਸਿੰਘ ਮੰਡ,ਤੀਰਥ ਸਿੰਘ ਪ੍ਰਧਾਨ ਲੋਹੀਆਂ ਬਲਾਕ,ਤੀਰਥ ਸਿੰਘ ਕੋਟਲੀ, ਦਲਬੀਰ ਸਿੰਘ, ਤਰਸੇਮ ਸਿੰਘ ਜੱਬੋਵਾਲ, ਦੇਵਿੰਦਰ ਸਿੰਘ ਮਰਾਜਵਾਲ, ਸਰਬਜੀਤ ਸਿੰਘ, ਬਲਦੇਵ ਸਿੰਘ ਠੱਟਾ ਨਵਾਂ, ਜਗਦੀਪ ਸਿੰਘ ਰੰਗੀਲਪੁਰ, ਜਰਨੈਲ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।



# ਨਵਜੋਤ ਸਿੰਘ ਸਿਧੂ ਵਿਰੁੱਧ ਹੋਵੇ ਪਰਚਾ ਦਰਜ: ਡਾ.ਦਲੇਰ ਸਿੰਘ ਮੁਲਤਾਨੀ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 24 ਨਵੰਬਰ (ਦਿਨੇਸ਼ ਸੋਨੀ)** ਸਭ ਤੋਂ ਪਹਿਲਾਂ ਮੈਂ ਡਾ ਨਵਜੋਤ ਕੌਰ ਸਿਧੂ ਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ । ਬਹੁਤ ਸਾਰੇ ਦੋਸਤਾਂ ਨੂੰ ਪਤਾ ਹੈ ਕਿ ਡਾ ਨਵਜੋਤ ਕੌਰ ਨੂੰ ਕੈਂਸਰ ਹੈ ਤੇ ਉਸ ਦਾ ਹਰ ਤਰਾਂ ਦਾ ਕੈਂਸਰ ਮਾਹਰਾਂ ਕੋਲੋ ਇਲਾਜ ਹੋਇਆ ਪਰ ਪਿਛਲੇ ਦੋ ਤਿੰਨ ਦਿਨਾਂ ਤੋਂ ਉਹਨੇ ਦੇ ਪਤੀ ਨਵਜੋਤ ਸਿੰਘ ਸਿਧੂ ਵੱਲੋਂ ਕੀਤੀ ਇੱਕ ਪ੍ਰੈੱਸ ਵਾਰਤਾ ਦੀ ਇੱਕ ਵੀਡੀਓ ਵਾਰਲਿ ਹੋ ਰਹੀ ਜਿਸ ਵਿੱਚ ਕੁਝ ਖਾਸ ਚੀਜ਼ਾਂ ਖਾਣ ਅਤੇ ਭੁੱਖੇ ਰਹਿਣ ਨਾਲ ਕੈਂਸਰ ਖਤਮ ਹੋ ਗਿਆ ਬਾਰੇ ਕਲੇਮ ਪਾਏ ਗਏ ਜਿਸ ਦਾ ਹੁਣ ਤੱਕ ਮੈਡੀਕਲ ਖੋਜ ਵਿੱਚ ਕੋਈ ਪੱਕਾ ਡਾਟਾ ਨਹੀਂ।

ਨਵਜੋਤ ਸਿੰਘ ਸਿਧੂ ਜੋ ਕਿ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਮੰਤਰੀ ਰਹਿ ਚੁੱਕੇ ਹਨ ਨੂੰ ਪਤਾ ਹੋਣਾ ਚਾਹੀਦਾ ਕਿ ਉਹਨਾਂ ਨੇ ਪਬਲਿਕ ਵਿੱਚ ਬਿਨਾਂ ਕੋਈ ਸਬੂਤ / ਡਾਟਾ ਜਾਂ ਮੈਡੀਕਲ ਖੋਜ ਦੀ ਮਾਨਤਾ ਬਗੈਰ ਕੁਝ ਖਾਣ ਵਾਲੀਆਂ ਚੀਜਾਂ ਨੂੰ ਕੈਂਸਰ ਖਤਮ ਹੋ ਜਾਣ ਦਾ ਦਾਅਵਾ ਪਾਇਆ ਹੈ ਜੋ ਕਿ ਡਰੱਗਜ ਐਂਡ ਮੈਜਿਕ ਰੈਮੀਡੇਜ ਐਕਟ 1954 ਦੀ ਉਲੰਘਣਾ ਹੈ। ਹਾਂ, ਇਹ ਜਰੂਰ ਮੰਨਿਆ ਜਾਂਦਾ ਹੈ ਕਿ ਕਈ ਕੈਂਸ਼ਰ ਜੋ ਛੇਤੀ ਪਤਾ ਲੱਗ ਜਾਣ ਉਹ ਸਹੀ ਇਲਾਜ ਨਾਲ ਠੀਕ ਹੋ ਜਾਂਦੈ ਜਾਂ ਫਿਰ ਇਲਾਜ ਅਤੇ ਚੰਗੀ ਸ਼ਾਫ ਖੁਰਾਕ ਦੀ ਮਦਦ ਨਾਲ ਲੰਬੀ ਉਮਰ ਭੋਗ ਜਾਂਦੇ । ਪਰ ਬਿਨਾਂ ਇਲਾਜ ਕਿੰਨੀ ਦੇਰ ਠੀਕ ਰਹਿੰਦੇ ਇਹ ਕਹਿਣਾ ਬਹੁਤ ਮੁਸ਼ਕਲ ।ਸਗੋਂ ਬਿਨਾਂ ਇਲਾਜ ਜਾਂ ਕਥਿਤ ਕੈਂਸਰ ਠੀਕ ਕਰਨ ਵਾਲੀ ਖੁਰਾਕ ਸਹਾਰੇ ਛੇਤੀ ਮਰ ਗਏ , ਇਹ ਕੇਸ ਬਹੁਤ ਹਨ ਰਿਕਾਰਡ ਵਿੱਚ ।

ਦੋਸਤੋ ਇਸੇ ਤਰਾਂ ਮੇਰੇ ਵੱਲੋਂ 2002 ਵਿੱਚ ਲਾਲੜੂ ਵਿੱਚ ਸਟੀਰਾਇਡ ਵਰਤੋਂ ਕਰਕੇ ਵੱਡੀਆਂ ਬਿਮਾਰੀਆਂ ਦੇ ਇਲਾਜ ਕਰਨ ਵਾਲੇ ਅਨਰਿਜਸਟਰਡ ਡਾਕਟਰ ਅਤੇ 2007 ਵਿੱਚ ਨਵਾਂ ਸ਼ਹਿਰ ਵਿੱਚ ਇੱਕ ਕੁਆਲੀਫਾਇਡ ਡਾਕਟਰ ਵੱਲੋਂ ਏਡਜ ਦੇ ਇਲਾਜ ਦੇ ਦਾਅਵੇ ਪਾਉਣ ਵਿਰੁੱਧ ਡਰੱਗਜ ਐਂਡ ਮੈਜਿਕ ਰੈਡੀਜ ਐਕਟ 1954 ਅਤੇ ਲਾਲੜੂ ( ਲਹਿਲੀ ਪਿੰਡ) ਵਿਚ ਬਿਨਾਂ ਡਿਗਰੀ ਇਲਾਜ ਕਰ ਰਹੇ ਕਥਿਤ ਡਾਕਟਰ ਵਿਰੁੱਧ 420 ਦਾ ਕੇਸ , ਫਾਜਿਲਕਾ ਵਿੱਚ ਬਿਨਾਂ ਡਿਗਰੀ ਇਲਾਜ ਕਰਨ ਦੇ ਦਾਅਵੇ ਵਿਰੁੱਧ 420 ਦੇ ਕੇਸ ਦਰਜ ਰਿਕਾਰਡ ਵਿੱਚ ਹਨ। ਇਸ ਤੋਂ ਇਲਾਵਾ ਮੇਰੀ ਪੋਸਟਿੰਗ ਵਾਲੀ ਹਰ ਥਾਂ ਬਹੁਤ ਸਾਰੇ ਬਿਨਾਂ ਡਿਗਰੀ ਇਲਾਜ ਦੇ ਦਾਅਵੇ ਪਾਉਣ ਵਾਲਿਆਂ ਨੂੰ ਸਮਝਾ ਦਿੱਤਾ ਜਾਂਦਾ ਸੀ ਜਿਸ ਕਰਕੇ ਕਈ ਥਾਂ ਕੇਸ ਤਾਂ ਦਰਜ ਨਹੀਂ ਕਰਵਾਏ ਗਏ ਪਰ ਉਹਨਾਂ ਤੇ ਬੰਦਸ਼ਾਂ ਜਰੂਰ ਲਾਈਆਂ ਦੁੱਖ ਦੀ ਗੱਲ ਕਿ ਇਹਨਾਂ ਕੇਸਾਂ ਵਿੱਚ ਮੰਤਰੀਆਂ ਸੰਤਰੀਆਂ ਨੇਤਾਵਾਂ ਨੇ ਬਹੁਤ ਦਖਲ ਅੰਦਾਜੀ ਕੀਤੀ ਤੇ ਗਲਤ ਕੰਮ ਕਰਨ ਵਾਲਿਆਂ ਦੇ ਹੱਕ ਵਿੱਚ ਭੁਗਤੇ ਬਲਕਿ ਮੇਰੇ ਵਿਰੁੱਧ ਭੁਗਤੇ । ਜੇ ਵਾੜ ਹੀ ਖੇਤ ਨੂੰ ਖਾ ਰਹੀ ਤੇ ਫਿਰ ਖੇਤ ਕਿੱਥੋਂ ਬਚਣਾ। ਮੇਰੀ ਨਵਜੋਤ ਸਿੰਘ ਸਿਧੂ ਨੂੰ ਬੇਨਤੀ ਹੈ ਕਿ ਅਪਣੀ ਵੀਡੀਓ ਸੋਸ਼ਲ ਮੀਡੀਆ ਤੋ ਹਟਾ ਲੈਣ ਤੇ ਜਨਤਿਕ ਮਾਫ਼ੀ ਮੰਗਣ ਨਹੀਂ ਤਾਂ ਸਰਕਾਰ ਉਹਨਾਂ ਵਿਰੁੱਧ ਡਰੱਗਜ ਐਂਡ ਮੈਜਿਕ ਰੈਮੀਡੀਜ ਐਕਟ ਅਧੀਨ ਪਰਚਾ ਦਰਜ ਕਰਵਾਏ। ਯਾਦ ਕਰੋ ਜੋ ਹੁਣੇ ਹੁਣੇ ਬਾਬਾ ਰਾਮਦੇਵ ਨਾਲ ਸੁਪਰੀਮ ਕੋਰਟ ਵਿੱਚ ਬੀਤੀ ਜੋ ਬਿਨਾਂ ਡਾਟਾ ਕਰੋਨਾ ਦਾ ਇਲਾਜ ਕਰ ਰਿਹਾ ਸੀ । ਇਕ ਗੱਲ ਹੋਰ ਜੋ ਲੋਕਾਂ ਨੂੰ ਗੁਮਰਾਹ ਜ਼ਿਆਦਾ ਕਰਦੀ , ਉਹ ਹੈ ਸ਼ਬਦ ਨਹੀਂ ਬਲਕਿ ਸ਼ਬਦਾਂ ਦੇ ਪਿਛੇ ਕੌਣ ਉਸ ਦੀ ਮਹੱਤਤਾ ਜ਼ਿਆਦਾ। ਨਵਜੋਤ ਸਿੰਘ ਸਿਧੂ ਦੀ ਵੀਡੀਓ ਦਾ ਅਸਰ ਜ਼ਿਆਦਾ ਜਿਵੇਂ ਬਾਬਾ ਰਾਮਦੇਵ ਦਾ ਹੋਇਆ ਸੀ , ਉਦੋਂ ਵੀ ਮੈਂ ਪਰਚਾ ਦਰਜ ਦੀ ਮੰਗ ਕੀਤੀ ਸੀ ।



ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ
Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

ਪੰਜਾਬ ਦਾ ਖੁਲਾਸਾ





# ਸੈਂਟਰ ਗੁਲਾਬੇਵਾਲਾ ਵੱਲੋਂ ਫ਼ਿਨਲੈਂਡ ਤੋਂ ਵਾਪਸੀ ਤੇ ਮੀਨਾ ਮਲੋਹਤਰਾ ਦਾ ਸਨਮਾਨ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 24 ਨਵੰਬਰ ( ਮਨਪ੍ਰੀਤ ਮੋਨੂੰ )** ਸੈਂਟਰ ਗੁਲਾਬੇਵਾਲਾ ਦੇ ਹੈਡ ਟੀਚਰਾਂ ਦੀ ਵਿਸ਼ੇਸ਼ ਮੀਟਿੰਗ ਸੈਂਟਰ ਹੈਡ ਟੀਚਰ ਪਰਗਟ ਸਿੰਘ ਜੰਬਰ ਦੀ ਅਗਵਾਈ ਹੇਠ ਹੋਈ।

ਮੀਟਿੰਗ ਵਿੱਚ ਕੰਪੀਟੈਂਸੀ ਇਨਹਾਸਮੈਂਟ ਪਲਾਨ ਤਹਿਤ ਮੀਟਿੰਗ ਕੀਤੀ ਗਈ। ਹੈਡ ਟੀਚਰਾਂ ਨੂੰ ਸੀ ਈ ਪੀ ਤਹਿਤ ਚੱਲ ਰਹੇ ਪ੍ਰਾਜੈਕਟ ਨੂੰ ਵਧੀਆ ਢੰਗ ਨਾਲ ਚਲਾਇਆ ਜਾਵੇ।

ਮੀਟਿੰਗ ਦੌਰਾਨ ਫ਼ਿਨਲੈਂਡ ਤੋਂ ਵਾਪਸੀ ਤੇ ਹੈਡ ਟੀਚਰ ਡਾ ਮੀਨਾ ਗਲੋਤਰਾ ਦਾ ਸੈਂਟਰ ਹੈਡ ਟੀਚਰ ਪਰਗਟ ਸਿੰਘ ਜੰਬਰ ਅਤੇ ਸਮੂਹ ਹੈਡ ਟੀਚਰਾਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਮੀਟਿੰਗ ਦੌਰਾਨ ਡਾ ਮੀਨਾ ਗਲੋਤਰਾ ਨੇ ਫ਼ਿਨਲੈਂਡ ਦੇ ਸਿਖਿਆ ਸਿਸਟਮ ਬਾਰੇ ਵਿਸਥਾਰ ਸਹਿਤ ਦੱਸਿਆ। ਮੀਟਿੰਗ ਵਿੱਚ ਅਦੀਸ ਜੈਨ, ਦਵਿੰਦਰ ਸਿੰਘ, ਸੁਮੇਸ਼ ਕੁਮਾਰ, ਊਸ਼ਾ ਰਾਣੀ, ਪ੍ਰਦੀਪ ਕੌਰ, ਪਵਿੱਤਰ ਸਿੰਘ, ਮਨੋਜ ਕੁਮਾਰ, ਭੁਪਿੰਦਰ ਸਿੰਘ , ਨਰੇਸ਼ ਕੁਮਾਰ ਪਰਮਜੀਤ ਸਿੰਘ, ਅਮਨਦੀਪ ਕੌਰ, ਇਕਬਾਲ ਕੌਰ ਅਤੇ ਹਰਦੀਪ ਸਿੰਘ ਹਾਜ਼ਰ ਸਨ।

# ਸ਼ਿਵ ਸੈਨਾ ਪੰਜਾਬ ਵੱਲੋਂ ਨਿਗਮ ਚੋਣਾਂ ਵਿੱਚ ਉਮੀਦਵਾਰ ਖੜ੍ਹੇ ਕਰਨ ਲਈ ਮੀਟਿੰਗ ਕੀਤੀ ਗਈ

ਪੰਜਾਬ ਦਾ ਖੁਲਾਸਾ

**ਫਗਵਾੜਾ, 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਸ਼ਿਵ ਸੈਨਾ ਪੰਜਾਬ ਦੀ ਇੱਕ ਵਿਸ਼ੇਸ਼ ਮੀਟਿੰਗ ਸੀਨੀਅਰ ਸੂਬਾ ਮੀਤ ਪ੍ਰਧਾਨ ਇੰਦਰਜੀਤ ਕਰਵਲ ਅਤੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਪਲਟਾ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਆਉਂਦੇ ਦਸੰਬਰ ਮਹੀਨੇ ਵਿੱਚ ਹੋਣ ਵਾਲੀਆਂ ਨਗਰ ਨਿਗਮ ਫਗਵਾੜਾ ਦੀਆਂ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਕਰਵਲ ਅਤੇ ਪਲਟਾ ਨੇ ਦੱਸਿਆ ਕਿ ਨਿਗਮ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਅਤੇ ਚੋਣ ਕਮਿਸ਼ਨ ਪੰਜਾਬ ਵੱਲੋਂ ਕਿਸੇ ਵੀ ਸਮੇਂ ਮਿਤੀ ਦਾ ਐਲਾਨ ਕੀਤਾ ਜਾ ਸਕਦਾ ਹੈ। ਸੰਭਾਵਤ ਤੌਰ 'ਤੇ ਇਹ ਚੋਣ ਪ੍ਰਕਿਰਿਆ ਆਉਣ ਵਾਲੇ ਦਸੰਬਰ ਮਹੀਨੇ ਵਿੱਚ ਹੋਵੇਗੀ। ਜਿਸ ਸਬੰਧੀ ਅੱਜ ਸ਼ਿਵ ਸੈਨਾ ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਤੋਂ ਫਗਵਾੜਾ ਨਿਗਮ ਦੀਆਂ ਚੋਣਾਂ ਲਟਕ ਰਹੀਆਂ ਹੋਣ ਕਾਰਨ ਵਾਰਡ ਪੱਧਰ 'ਤੇ ਵਿਕਾਸ ਕਾਰਜ ਕਾਫੀ ਪ੍ਰਭਾਵਿਤ ਹੋ ਰਹੇ ਹਨ। ਸ਼ਿਵ ਸੈਨਾ ਨਿਗਮ ਚੋਣਾਂ 'ਚ ਆਪਣੇ ਉਮੀਦਵਾਰ ਉਤਾਰਨ 'ਤੇ ਵਿਚਾਰ ਕਰ ਰਹੀ ਹੈ। ਇਸ ਸਬੰਧੀ ਅੰਤਿਮ ਫੈਸਲਾ ਚੋਣਾਂ ਦੀ ਤਰੀਕ ਦਾ ਐਲਾਨ ਹੋਣ ਤੋਂ ਬਾਅਦ ਅਗਲੀ ਮੀਟਿੰਗ ਵਿੱਚ ਲਿਆ ਜਾਵੇਗਾ। ਉਨ੍ਹਾਂ ਫਗਵਾੜਾ ਦੇ ਕੁੱਲ ਪੰਜਾਹ ਵਾਰਡਾਂ ਦੇ ਸਮੂਹ ਸ਼ਿਵ ਸੈਨਿਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਜਿੱਤਣ ਦੀ ਸਮਰੱਥਾ ਰੱਖਦੇ ਹਨ ਅਤੇ ਚੋਣ ਲੜਨ ਦੇ ਚਾਹਵਾਨ ਹਨ ਤਾਂ ਉਹ ਉਨ੍ਹਾਂ ਨਾਲ ਸੰਪਰਕ ਕਰਨ ਤਾਂ ਜੋ ਪੰਜਾਬ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਨਾਵਾਂ 'ਤੇ ਵਿਚਾਰ ਕੀਤਾ ਜਾ ਸਕੇ ? ਮੁਖੀ ਸੰਜੀਵ ਘਨੌਲੀ। ਇਸ ਮੌਕੇ ਸੂਬਾਈ ਬੁਲਾਰੇ ਵਿਪਨ ਸ਼ਰਮਾ, ਸੂਬਾ ਮੀਤ ਪ੍ਰਧਾਨ ਰਵੀ ਦੱਤ, ਸਿਟੀ ਪ੍ਰਧਾਨ ਅੰਕੁਰ ਬੇਦੀ, ਕੈਸ਼ੀਅਰ ਵਿਨੋਦ ਗੁਪਤਾ, ਸੁਨੀਲ ਜਲੋਟਾ, ਅਸ਼ਵਨੀ ਸ਼ਰਮਾ, ਸ਼ਾਂਤੀ, ਕਾਲਾ, ਮੁਨੀਸ਼ ਕਾਂਡਾ, ਗੌਰਵ ਪਰਮਾਰ, ਗੁਰਪ੍ਰੀਤ ਗੋਪੀ, ਰੋਹਿਤ ਕੁਮਾਰ ਆਦਿ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਬਠਿੰਡਾ ਵਿੱਚ ਪੁਲਿਸ ਵਲੋਂ ਕਿਸਾਨਾਂ ਤੇ ਕੀਤੇ ਤਸ਼ੱਦਦ ਵਿਰੁੱਧ ਰੋਸ ਵਜੋਂ ਜਲੰਧਰ ਸ਼ਾਹਕੋਟ ਵਿਖੇ ਕਿਸਾਨਾਂ ਨੇ ਸਰਕਾਰ ਦਾ ਪੁਤਲਾ ਫੂਕਿਆ

ਪੰਜਾਬ ਦਾ ਖੁਲਾਸਾ



**ਜਲੰਧਰ 24 ਨਵੰਬਰ ( ਅਮ੍ਰਿਤਪਾਲ ਸਿੰਘ)** ਜ਼ਮੀਨਾਂ ਦੀ ਵਾਜਬ ਕੀਮਤ ਲਈ ਬਠਿੰਡਾ ਜ਼ਿਲ੍ਹੇ ਦੇ ਪਿੰਡ ਦੁਨੇਵਾਲ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਅਗਵਾਈ ਵਿੱਚ ਲਗਾਏ ਮੋਰਚੇ ਨੂੰ ਉਖਾੜਨ, ਕਿਸਾਨਾਂ ਉੱਪਰ ਕੀਤੇ ਲਾਠੀਚਾਰਜ ਕਰਨ ਅਤੇ ਗ੍ਰਿਫ਼ਤਾਰ ਕਰਨ ਦੇ ਵਿਰੋਧ ਵਿੱਚ ਅੱਜ ਯੂਨੀਅਨ ਦੀ ਇਕਾਈ ਜ਼ਿਲ੍ਹਾ ਜਲੰਧਰ ਨੇ ਸ਼ਾਹਕੋਟ ਵਿੱਚ ਮੁਜ਼ਾਹਰਾ ਕਰ ਕੇ ਥਾਣੇ ਅੱਗੇ ਸਰਕਾਰ ਦਾ ਪੁਤਲਾ ਫੂਕਿਆ।ਯੂਨੀਅਨ ਦੇ ਵਰਕਰ ਸਥਾਨਿਕ ਤਹਿਸੀਲ ਕੰਪਲੈਕਸ ਵਿੱਚ ਇਕੱਠੇ ਹੋਣ ਤੋਂ ਬਾਅਦ ਕਸਬੇ ਵਿੱਚ ਮਾਰਚ ਕਰਦਿਆਂ ਥਾਣੇ ਅੱਗੇ ਪੁੱਜੇ ਅਤੇ ਰੋਸ ਰੈਲੀ ਕੀਤੀ।ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ,ਜਨਰਲ ਸਕੱਤਰ ਗੁਰਚਰਨ ਸਿੰਘ ਚਾਹਲ, ਪ੍ਰੈਸ ਸਕੱਤਰ ਮਨਜੀਤ ਸਿੰਘ ਮਲਸੀਆਂ, ਵਿੱਤ ਸਕੱਤਰ ਜਸਪਾਲ ਸਿੰਘ ਸੰਢਾਂਵਾਲ, ਬਲਾਕ ਸ਼ਾਹਕੋਟ ਦੇ ਪ੍ਰਧਾਨ ਬਲਕਾਰ ਸਿੰਘ ਫਾਜਿਲਵਾਲ, ਸਕੱਤਰ ਮਨਜੀਤ ਸਿੰਘ ਸਾਬੀ, ਮਲਕੀਤ ਸਿੰਘ ਈਦਾ ਅਤੇ ਗੁਰਮੁੱਖ ਸਿੰਘ ਸਿੱਧੂ ਆਦਿ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਦੇਣ ਲਈ ਕਿਸਾਨਾਂ ਉੱਪਰ ਜਬਰ ਕਰਨ ਦੇ ਰਾਹ ਪੈ ਗਈਆਂ ਹਨ।

ਉਨ੍ਹਾਂ ਕਿਹਾ ਕਿ ਵਾਜਿਬ ਕੀਮਤ ਲਏ ਬਗੈਰ ਕਿਸੇ ਵੀ ਕੀਮਤ 'ਤੇ ਜ਼ਮੀਨਾਂ ਨਹੀਂ ਦਿੱਤੀਆਂ ਜਾਣਗੀਆਂ। ਉਨ੍ਹਾਂ ਲਾਠੀਚਾਰਜ ਕਰਨ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਕਿਸਾਨਾਂ ਨੂੰ ਜ਼ਮੀਨਾਂ ਦੀ ਵਾਜਬ ਕੀਮਤ ਦੇਣ ਦੀ ਮੰਗ ਕੀਤੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਦੁਨੇਵਾਲਾ ਵਿੱਚ ਪੁਲੀਸ ਵੱਲੋਂ ਕਿਸਾਨਾਂ ਉੱਪਰ ਕੀਤੇ ਲਾਠੀਚਾਰਜ ਦੀ ਕਈ ਜਥੇਬੰਦੀਆਂ ਨੇ ਨਿਖੇਧੀ ਕਰਦਿਆਂ ਇਸ ਨੂੰ ਸਰਕਾਰੀ ਜਬਰ ਦੱਸਿਆ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ, ਇਲਾਕਾ ਸ਼ਾਹਕੋਟ-ਨਕੋਦਰ ਦੇ ਪ੍ਰਧਾਨ ਹਰਪਾਲ ਬਿੱਟਾ ਤੇ ਸਕੱਤਰ ਸੁਖਜਿੰਦਰ ਲਾਲੀ ਨੇ ਕਿਸਾਨਾਂ ਉੱਪਰ ਕੀਤੇ ਲਾਠੀਚਾਰਜ ਦੀ ਨਿਖੇਧੀ ਕੀਤੀ।

# ਰਿਪਬਲਿਕਨ ਪਾਰਟੀ ਆਫ ਇੰਡੀਆ ਦੀ ਹੋਈ ਮੀਟਿੰਗ

ਪੰਜਾਬ ਦਾ ਖੁਲਾਸਾ

**ਮਲੋਟ, 24 ਨਵੰਬਰ ( ਕ੍ਰਿਸ਼ਨ ਮਦਾਨ/ਅਮਰਨਾਥ ਸੋਨੀ )-** ਅੱਜ ਮਿਤੀ 24 ਨਵੰਬਰ ਨੂੰ ਰਿਪਬਲਿਕਨ ਪਾਰਟੀ ਆਫ ਇੰਡੀਆ ਦੀ ਮੀਟਿੰਗ ਪਾਰਟੀ ਦੇ ਪੰਜਾਬ ਪ੍ਰਧਾਨ ਕੁਲਵੰਤ ਸਿੰਘ ਭਾਈ ਕਾ ਕੇਰਾ ਦੀ ਅਗਵਾਈ ਹੇਠ ਹੋਈ। ਇਹ ਮੀਟਿੰਗ ਵਾਰਡ ਨੰਬਰ 17 ਸ੍ਰੀ ਗੁਰੂ ਰਵਿਦਾਸ ਨਗਰ ਦੇ ਦਲੀਪ ਕੁਮਾਰ ਆਸੋਲੀਆ ਦੇ ਘਰ ਹੋਈ । ਇਸ ਮੀਟਿੰਗ ਵਿੱਚ ਮੌਜੂਦ 30 ਪਰਿਵਾਰਾਂ ਨੇ ਪਾਰਟੀ ਦੇ ਕਾਰਜਾਂ ਨੂੰ ਦੇਖਦੇ ਹੋਏ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਰਿਪਬਲਿਕਨ ਪਾਰਟੀ ਆਫ ਇੰਡੀਆ ਦਾ ਪੱਲਾ ਫੜਆ ਮੀਟਿੰਗ ਦੌਰਾਨ ਲੋਕਾਂ ਨੇ ਆ ਰਹੀਆ ਮੁਸ਼ਕਿਲਾਂ ਬਾਰੇ ਪੰਜਾਬ ਪ੍ਰਧਾਨ ਨਾਲ ਗੱਲ ਬਾਤ ਕਰਦਿਆ ਦੱਸਿਆ ਕਿ ਉਹਨਾਂ ਦੀ ਸਰਕਾਰੀ ਦਫ਼ਤਰਾਂ ਵਿੱਚ ਕੋਈ ਸੁਣਵਾਈ ਨਹੀਂ ਹੋ ਰਹੀ ਗਰੀਬ ਲੋਕਾਂ ਬਹੁਤ ਪ੍ਰੇਸ਼ਾਨ ਹਨ । ਇਸ ਲਈ ਉਹ ਅੱਜ ਇਸ ਪਾਰਟੀ ਨਾਲ ਜੁੜ ਰਹੇ ਹਨ । ਪੰਜਾਬ ਪ੍ਰਧਾਨ ਨੇ ਲੋਕਾਂ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਉਨ੍ਹਾਂ ਦੀ ਹਰ ਮੁਸ਼ਕਿਲ ਘੜੀ ਵਿੱਚ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜਨਗੇ। ਪੰਜਾਬ ਦੇ ਲੋਕਾਂ ਦੀਆ ਮੁਸ਼ਕਿਲਾਂ ਵੱਲ ਪੰਜਾਬ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਨਾ ਦੱਸਿਆ ਕਿ ਰਿਪਬਲਿਕਨ ਪਾਰਟੀ ਆਫ ਇੰਡੀਆ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੀ ਵਿਚਾਰਧਾਰਾ ਤੇ ਚੱਲਣ ਵਾਲੀ ਪਾਰਟੀ ਹੈ। ਜਿਸ ਤਰ੍ਹਾਂ ਦਾ ਪਿਆਰ ਪਾਰਟੀ ਨੂੰ ਮਿਲ ਰਿਹਾ ਹੈ ਅਸੀਂ ਇਸ ਪਿਆਰ ਦਾ ਸਤਿਕਾਰ ਕਰਦੇ ਆ ਤੇ ਸਾਰੇ ਹੀ ਪੰਜਾਬ ਵਸਿਆ ਨੂੰ ਪਾਰਟੀ ਨਾਲ਼ ਜੁੜਨ ਦੀ ਅਪੀਲ ਕਰਦੇ ਹਾਂ ।



# ਪਰਾਲੀ ਅਤੇ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਜਾ ਰਹੇ ਹਨ ਹਰ ਸੰਭਵ ਯਤਨ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ 24 ਨਵੰਬਰ (ਮਨਪ੍ਰੀਤ ਮੋਨੂੰ)-** ਪਰਾਲੀ ਅਤੇ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹਰ ਸੰਭਵ ਯਤਨ ਯਤਨ ਕੀਤੇ ਜਾ ਰਹੇ ਹਨ, ਇਹ ਜਾਣਕਾਰੀ ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਅੱਜ ਜਿਲ੍ਹੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਦਿੱਤੀ।

ਉਹਨਾਂ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਜਾਰੀ

**- ਕਿਸਾਨਾਂ ਨੂੰ ਪਰਾਲੀ ਅਤੇ ਪਰਾਲੀ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਦੀ ਕੀਤੀ ਪੁਰਜ਼ੋਰ ਅਪੀਲ**



ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਤਾਇਨਾਤ ਕੀਤੇ ਨੋਡਲ ਅਫਸਰਾਂ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆ ਦੇ ਸਹਿਯੋਗ ਨਾਲ ਪਰਾਲੀ ਅਤੇ ਪਰਾਲੀ ਰਹਿੰਦ ਖੂੰਹਦ ਨੂੰ ਲੱਗੀ ਹੋਈ ਅੱਗ ਨੂੰ ਮੌਕੇ ਤੇ ਜਾ ਕੇ ਬੁਝਾਇਆ ਜਾ ਰਿਹਾ ਹੈ, ਤਾਂ ਜੋ ਵਾਤਾਵਰਣ ਤੇ ਕੋਈ ਮਾੜਾ ਅਸਰ ਨਾ ਪਵੇ।

ਡਿਪਟੀ ਕਮਿਸ਼ਨਰ ਨੇ ਗੋਨਿਆਣਾ, ਬਧਾਈ, ਕਬਰਵਾਲਾ, ਅਟਾਰੀ, ਜਵਾਹਰੇਵਾਲਾ, ਕਾਲੇਵਾਲਾ ਅਤੇ ਲੱਧੂਵਾਲਾ ਪਿੰਡਾਂ ਦੇ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅੱਗ ਲਗਾਉਣ ਨਾਲ ਖੇਤੀ ਯੋਗ ਉਪਜਾਓ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਜਮੀਨ ਨੂੰ ਉਪਜਾਊ ਬਨਾਉਣ ਲਈ ਬੇਲੋੜੀ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ, ਜਿਸ ਨਾਲ ਉਹਨਾਂ ਨੂੰ ਬਹੁਤ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਕਿਹਾ ਕਿ ਪਰਾਲੀ ਦੀ ਰਹਿੰਦ ਖੂੰਹਦ ਨੂੰ ਜਮੀਨ ਵਿਚ ਵਾਹਿਆ ਜਾਵੇ ਤਾਂ ਜੋ ਜਮੀਨ ਦੀ ਉਪਜਾਊ ਤਾਕਤ ਸਦਾ ਲਈ ਬਰਕਰਾਰ ਰਹਿ ਸਕੇ ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੈਟੇਲਾਈਟ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਦੇ ਆਧਾਰ ਤੇ ਹੀ ਪਰਾਲੀ ਅਤੇ ਪਰਾਲੀ ਦੀ ਰਹਿੰਦ ਖੂੰਹਦ ਨੂੰ ਲੱਗੀ ਹੋਈ ਖੇਤਾਂ ਦੇ ਮਾਲਕਾਂ ਵਿਰੁੱਧ ਸਰਕਾਰ ਦੇ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਸ.ਗੁਰਨਾਮ ਸਿੰਘ ਨੇ ਕਿਸਾਨਾਂ ਨੂੰ ਕਿਹਾ ਕਿ ਜੇਕਰ ਉਹਨਾਂ ਨੂੰ ਪਰਾਲੀ ਪ੍ਰਬੰਧਨ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਤੋਂ ਇਲਾਵਾ ਖੇਤੀਬਾੜੀ ਵਿਭਾਗ ਨਾਲ ਜਰੂਰ ਸੰਪਰਕ ਕਰਨ।



# ਡਿੰਪੀ ਢਿੱਲੋਂ ਦੀ ਜਿੱਤ ਦੀ ਖੁਸ਼ੀ ਵਿੱਚ ਪਿੰਡ ਛੱਤਿਆਣਾ ਵਿੱਚ ਲੱਡੂ ਵੰਡਕੇ ਖੁਸ਼ੀ ਮਨਾਈ

ਪੰਜਾਬ ਦਾ ਖੁਲਾਸਾ

**ਦੋਦਾ, 24 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)-**ਗਿੱਦੜਬਾਹਾ ਦੀ ਜ਼ਿਮਨੀ ਚੋਣ ਦੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਵੱਲੋਂ ਜਿੱਤ ਦਰਜ ਕਰਨ ਤੇ ਅੱਜ ਪਿੰਡ ਛੱਤਿਆਣੇ ਵਿਖੇ ਸ੍ਰ ਰਜਿੰਦਰ ਸਿੰਘ ਪਟਵਾਰੀ ਦੇ ਗ੍ਰਹਿ ਵਿਖੇ ਸਮੂਹ ਪਾਰਟੀ ਵਰਕਰਾਂ ਦੇ ਵੱਲੋਂ ਲੱਡੂ ਵੰਡੇ ਗਏ ਇਸ ਮੌਕੇ ਚੋਣਾਂ ਦੌਰਾਨ ਪਿੰਡ ਦੇ ਇੰਚਾਰਜ ਸ੍ਰ ਪ੍ਰਕਾਸ਼ ਸਿੰਘ ਨੇ ਸਮੂਹ ਵੋਟਰਾਂ,ਸਪੋਟਰਾ ਅਤੇ ਪਿੰਡ ਵਾਸੀਆਂ ਦੇ ਰੂਬਰੂ ਹੁੰਦੇ ਸਾਰਿਆਂ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਬੇਹੱਦ ਖੁਸ਼ੀ ਐ ਕਿ ਉਹਨਾਂ ਦੀ ਡਿਊਟੀ ਪਿੰਡ ਛੱਤਿਆਣੇ ਵਿਖੇ ਲੱਗੀ ਸਮੂਹ ਨਗਰ ਨਿਵਾਸੀਆਂ ਵੱਲੋਂ ਉਸਨੂੰ ਬਹੁਤ ਮਾਨ ਸਤਿਕਾਰ ਦਿੱਤਾ ਅਤੇ ਇਸ ਤੋਂ ਇਲਾਵਾ ਪਿੰਡ ਵਾਸੀਆਂ ਨੇ ਬਾਈ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਪਿਆਰ ਦਾ ਸਬੂਤ ਦਿੰਦੇ ਹੋਏ ਪਿੰਡ ਦੇ ਵਿੱਚੋਂ ਲਗਭਗ 650 ਵੋਟ ਦੀ ਲੀਡ ਦਵਾਈ ਅਤੇ ਬਿਨਾਂ ਕਿਸੇ ਲੜਾਈ ਝਗੜੇ ਤੋਂ ਵੋਟਾਂ ਪਾਈਆਂ ਇਸ ਮੌਕੇ ਭਾਰੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

# ਸਰਬੱਤ ਦਾ ਭਲਾ ਟਰੱਸਟ ਵੱਲੋਂ 15 ਲੋੜਵੰਦ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਦੇ ਚੈੱਕ ਵੰਡੇ ਗਏ

ਪੰਜਾਬ ਦਾ ਖੁਲਾਸਾ



**ਘੱਲਖੁਰਦ 24 ਨਵੰਬਰ (ਅਨਮੋਲ ਰਤਨ)-**ਸਮਾਜਸੇਵੀ ਅਤੇ ਦੁਬੱਈ ਦੇ ਉਘੇ ਕਾਰੋਬਾਰੀ ਡਾ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜੀਰਾ ਵਿੱਚ ਕਰਵਾਏ ਗਏ ਇੱਕ ਸਾਦੇ ਸਮਾਗਮ ਦੋਰਾਨ ਜੀਰਾ ਇਲਾਕੇ ਨਾਲ ਸਬੰਧਿਤ 15 ਜ਼ਰੂਰਤ ਮੰਦ , ਵਿਧਵਾਵਾਂ ਅਤੇ ਅੰਗਹੀਣ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈਕ ਵੰਡੇ ਗਏ। ਇਹ ਚੈਕ ਸੰਸਥਾ ਦੇ ਜਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਰਣਜੀਤ ਸਿੰਘ ਰਾਏ ਪ੍ਰਧਾਨ ਜ਼ੀਰਾ ਸਮੇਤ ਹੋਰ ਮੈਂਬਰਾਂ ਵੱਲੋਂ ਵੰਡੇ ਗਏ ਅਤੇ ਇੱਕ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਜ਼ਰੂਰਤਮੰਦ ਮਰੀਜ਼ ? ਨੂੰ ਡਾਇਲਿਸਿਸ ਕਿੱਟ ਵੀ ਦਿੱਤੀ ਗਈ।

ਪੱਤਰਕਾਰਾ ਨੂੰ ਜਾਣਕਾਰੀ ਦਿੰਦੇ ਹੋਏ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ,ਜਗਸੀਰ ਸਿੰਘ ਜ਼ੀਰਾ ਅਤੇ ਬਲਵਿੰਦਰ ਕੌਰ ਲੋਹਕੇ ਪ੍ਰਧਾਨ ਇਸਤਰੀ ਵਿੰਗ ਜ਼ੀਰਾ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਕੀਤੇ ਜਾ ਰਹੇ ਹਨ ਉਹਨਾਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਵੀ ਕੀਤੀ ਕਿ ਜ਼ੀਰਾ ਵਿਖੇ ਇਸ਼ਾਨ ਮਾਰਕੀਟ ਵਿੱਚ ਖੋਲ੍ਹੇ ਗਏ ਫਿਜ਼ੀਓਥਰੈਪੀ ਸੈਂਟਰ ਅਤੇ ਲੈਬੋਰਟਰੀ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ। ਇਸ ਮੋਕੇ ਰਣਜੀਤ ਸਿੰਘ ਰਾਏ ਪ੍ਰਧਾਨ ਜ਼ੀਰਾ, ਜਗਸੀਰ ਸਿੰਘ ਜੀਰਾ , ਬਲਵਿੰਦਰ ਕੌਰ ਲੋਹਕੇ ਪ੍ਰਧਾਨ ਇਸਤਰੀ ਵਿੰਗ ਜ਼ੀਰਾ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਟਰੈਫਿਕ ਪੁਲੀਸ ਨੇ ਵਾਹਨਾਂ 'ਤੇ ਰਿਫਲੈਕਟਰ ਲਾਏ

ਪੰਜਾਬ ਦਾ ਖੁਲਾਸਾ



**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਸਰਦੀ ਦਾ ਮੌਸਮ ਸ਼ੁਰੂ ਹੋਣ ਦੇ ਨਾਲ ਹੀ ਟ੍ਰੈਫਿਕ ਪੁਲਿਸ ਫਗਵਾੜਾ ਨੇ ਅੱਜ ਸੜਕਾਂ 'ਤੇ ਧੂੰਏਂ ਤੋਂ ਬਚਣ ਲਈ ਵਾਹਨਾਂ 'ਤੇ ਰਿਫਲੈਕਟਰ ਸਟਿੱਕਰ ਲਗਾਏ ਹਨ ਵਾਹਨਾਂ ਉਪਰ ਰਿਫਲੈਕਟਰ ਸਟਿੱਕਰ ਲਗਾਉਣ ਦੀ ਸ਼ੁਰੂਆਤ ਕਰਦਿਆਂ ਐਸ.ਪੀ ਫਗਵਾੜਾ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਐਸ.ਐਸ.ਪੀ ਵਤਸਲਾ ਗੁਪਤਾ ਦੀਆਂ ਹਦਾਇਤਾਂ 'ਤੇ ਫਗਵਾੜਾ ਵਿਚ ਟ੍ਰੈਫਿਕ ਪੁਲਿਸ ਵਲੋਂ ਸਟਿੱਕਰ ਤਿਆਰ ਕੀਤੇ ਗਏ ਸਨ, ਜਿਨ੍ਹਾਂ 'ਤੇ ਰਿਫਲੈਕਟਰਾਂ ਦੇ ਨਾਲ-ਨਾਲ ਸਾਈਬਰ ਧੋਖਾਧੜੀ ਨੂੰ ਰੋਕਣ ਦੇ ਮਕਸਦ ਨਾਲ ਰਾਸ਼ਟਰੀ ਨਾਅਰੇ ਲਿਖੇ ਗਏ ਸਨ ਹੈਲਪਲਾਈਨ ਨੰਬਰ 1930 ਵੀ ਜਾਰੀ ਕੀਤਾ ਗਿਆ ਹੈ ਚਲਾ ਗਿਆ ਹੈ ਐਸ.ਪੀ ਭੱਟੀ ਨੇ ਦੱਸਿਆ ਕਿ ਇਹ ਸਟਿੱਕਰ ਲੋਕਾਂ ਨੂੰ ਧੋਖਾਧੜੀ ਦੇ ਮਾਮਲੇ ਵਿੱਚ ਮਦਦਗਾਰ ਸਾਬਤ ਹੋਣਗੇ ਅਤੇ ਜਾਰੀ ਕੀਤੇ ਗਏ ਇਸ ਨੰਬਰ ਰਾਹੀਂ ਕੋਈ ਵੀ ਵਿਅਕਤੀ ਆਪਣੇ ਨਾਲ ਹੋਈ ਸਾਈਬਰ ਧੋਖਾਧੜੀ ਬਾਰੇ ਜਾਣਕਾਰੀ ਦੇ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨੰਬਰ 'ਤੇ ਜਾਣਕਾਰੀ ਦੇਣ ਨਾਲ ਤੁਹਾਡਾ ਪੈਸਾ ਸੁਰੱਖਿਅਤ ਰਹਿ ਸਕਦਾ ਹੈ। ਉਨ੍ਹਾਂ ਦੱਸਿਆ ਕਿ ਟਰੈਫਿਕ ਪੁਲੀਸ ਫਗਵਾੜਾ ਵਿੱਚ 1000 ਵਾਹਨਾਂ 'ਤੇ ਇਹ ਸਟਿੱਕਰ ਲਗਾਏਗੀ। ਇਸ ਮੌਕੇ ਡੀ ਐਸ ਪੀ ਭਾਰਤ ਭੂਸ਼ਣ ਅਤੇ ਟਰੈਫਿਕ ਪੁਲੀਸ ਇੰਚਾਰਜ ਅਮਨ ਦਵੇਸ਼ ਹਾਜ਼ਰ ਸਨ।

# ਮਨਪ੍ਰੀਤ ਬਾਦਲ ਨੇ ਆਪਣੇ ਦਫਤਰ ਵਿੱਚ ਲੱਡੂ ਵੰਡ ਕੇ 2027 ਦੀ ਤਿਆਰੀ ਕੀਤੀ ਸ਼ੁਰੂ

**ਹਰਦੀਪ ਸਿੰਘ ਡਿੰਪੀ ਢਿੱਲੋ ਨੂੰ ਦਿੱਤੀ ਜਿੱਤ ਦੀ ਵਧਾਈ ਮਰਦੇ ਦਮ ਤੱਕ ਕਰਦਾ ਰਹਾਂਗਾ ਗਿੱਦੜਬਾਹਾ ਦੇ ਲੋਕਾਂ ਦੀ ਸੇਵਾ- ਮਨਪ੍ਰੀਤ ਬਾਦਲ**

ਪੰਜਾਬ ਦਾ ਖੁਲਾਸਾ



**ਗਿੱਦੜਬਾਹਾ, 24 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)-**ਅੱਜ ਮਨਪ੍ਰੀਤ ਬਾਦਲ ਨੇ ਆਪਣੇ ਦਫਤਰ ਵਿੱਚ ਲੱਡੂ ਵੰਡ ਕੇ 2027 ਦੀ ਤਿਆਰੀ ਸ਼ੁਰੂ ਕੀਤੀ ਗਈ ਹਲਕੀ ਜਦ ਉਹਨਾਂ ਵੱਲੋਂ ਲੱਡੂ ਵੰਡੇ ਗਏ ਤਾਂ ਵੱਖ ਵੱਖ ਚਰਚਾਵਾਂ ਦਾ ਦੌਰ ਗਰਮ ਰਿਹਾ ਇਸ ਮੌਕੇ ਉਨਾਂ ਵੱਲੋਂ ਹਰਦੀਪ ਸਿੰਘ ਡਿੰਪੀ ਢਿੱਲੋ ਨੂੰ ਦਿੱਤੀ ਜਿੱਤ ਦੀ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਉਹ ਮਰ ਦਮ ਤੱਕ ਗਿੱਦੜਬਾਹਾ ਦੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ ਗਿੱਦੜਬਾਹਾ ਜ਼ਿਮਨੀ ਚੋਣ 'ਚ ਹਾਰ ਤੋਂ ਬਾਅਦ ਭਾਜਪਾ ਆਗੂ ਮਨਪ੍ਰੀਤ ਬਾਦਲ ਨੇ ਐਤਵਾਰ ਸਵੇਰੇ ਆਪਣੇ ਫੇਸਬੁੱਕ ਅਕਾਊਂਟ 'ਤੇ ਵੀਡੀਓ ਸ਼ੇਅਰ ਕਰਦੇ ਹੋਏ ਕਿਹਾ ਕਿ ਮੈਂ ਕਈ ਸਾਲਾਂ ਬਾਅਦ ਗਿੱਦੜਬਾਹਾ ਤੋਂ ਚੋਣ ਲੜ ਰਿਹਾ ਹਾਂ। ਪੁਰਾਣੇ ਸਬੰਧਾਂ ਨੂੰ ਮਜ਼ਬੂਤ ? ?ਕਰਨ ਲਈ ਦੋ ਮਹੀਨੇ ਬਹੁਤ ਘੱਟ ਸਮਾਂ ਸੀ। ਇਸ ਲਈ ਮੈਂ ਜਿੱਤ ਨਹੀਂ ਸਕਿਆ।ਪਰ ਹੁਣ ਮੈਂ ਜੀਵਨ ਦੇ ਅੰਤ ਤੱਕ ਗਿੱਦੜਬਾਹਾ ਦੇ ਲੋਕਾਂ ਵਿੱਚ ਰਹਾਂਗਾ। ਉਨ੍ਹਾਂ ਦਾਅਵਾ ਕੀਤਾ ਕਿ 2027 ਵਿੱਚ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣੇਗੀ ਅਤੇ ਮੈਂ ਗਿੱਦੜਬਾਹਾ ਤੋਂ ਵੀ ਚੋਣ ਜਿੱਤਾਂਗਾ। ਮਨਪ੍ਰੀਤ ਨੇ ਨਵ-ਨਿਯੁਕਤ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਵਧਾਈ ਦਿੰਦਿਆਂ ਹਲਕੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਅਪੀਲ ਕੀਤੀ।ਮਨਪ੍ਰੀਤ ਬਾਦਲ ਨੇ ਕਿਹਾ ਕਿ ਮੈਨੂੰ ਕੁਝ ਸਾਥੀਆਂ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਅਸੀਂ 2027 ਵਿੱਚ ਤੁਹਾਨੂੰ ਵੋਟ ਪਾਵਾਂਗੇ। ਇਸ ਵਾਰ ਅਸੀਂ ਰਾਜਾ ਵੜਿੰਗ ਦਾ ਹੰਕਾਰ ਤੋੜਨਾ ਚਾਹੁੰਦੇ ਹਾਂ। ਇਸ ਲਈ ਡਿੰਪੀ ਨੂੰ ਵੋਟ ਪਾਉਣੀ ਪਈ ਹੈ।ਰਾਜਾ ਵੜਿੰਗ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਵੜਿੰਗ ਨੇ ਬਾਦਲ ਪਰਿਵਾਰ ਖਿਲਾਫ ਬਿਆਨਬਾਜ਼ੀ ਕਰਕੇ ਆਪਣੀ ਸਿਆਸਤ ਚਮਕਾਈ ਹੈ। ਰਾਜਾ ਵੜਿੰਗ ਹਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਆਪਣੀ ਪਤਨੀ ਦੀ ਹਾਰ ਨੂੰ ਟਾਲ ਨਹੀਂ ਸਕਿਆ। ਰਾਜਾ ਵੜਿੰਗ ਨੇ ਗਿੱਦੜਬਾਹਾ ਦੇ ਲੋਕਾਂ ਲਈ ਕੁਝ ਨਹੀਂ ਕੀਤਾ। ਸਿਰਫ ਆਪਣੀ ਜਾਇਦਾਦ ਬਣਾਈ ਹੈ। ਉਨ੍ਹਾਂ ਕਿਹਾ ਕਿ 71 ਹਜ਼ਾਰ ਲੋਕਾਂ ਨੇ ਡਿੰਪੀ ਨੂੰ ਚੁਣਿਆ ਹੈ। ਲੋਕਾਂ ਦੀ ਚੋਣ ਗਲਤ ਨਹੀਂ ਹੋ ਸਕਦੀ। ਪਰ ਰਾਜਾ ਵੜਿੰਗ ਦੀ ਹਉਮੈ ਹਾਰ ਗਈ ਹੈ।



# ਦੋ ਰੋਜ਼ਾ ਕੈਂਪ ਲਗਾ ਬੀ ਐਲ ਵਲੋਂ ਵੱਖ ਵੱਖ ਵਰਗ ਦੇ ਲੋਕਾਂ ਦੀ ਵੋਟ ਬਣਾਈ ਗਈ

ਪੰਜਾਬ ਦਾ ਖੁਲਾਸਾ

**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਉਪ ਮੰਡਲ ਮੈਜਿਸਟਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਫਗਵਾੜਾ 29 ਚੋਣ ਅਫ਼ਸਰ ਜਸ਼ਜੀਤ ਸਿੰਘ ਨੇ ਦੱਸਿਆ ਕਿ ਵਿਧਾਨ ਸਭਾ ਚੋਣ ਹਲਕਾ ਫਗਵਾੜਾ ਵਿੱਚ ਸਾਰੇ ਪੋਲਿੰਗ ਬੂਥਾਂ 'ਤੇ 23 ਨਵੰਬਰ (ਸ਼ਨੀਵਾਰ) ਤੇ 24 ਨਵੰਬਰ (ਐਤਵਾਰ) ਨੂੰ ਵਿਸ਼ੇਸ਼ ਕੈਂਪ ਲਗਾਏ ਗਏ ਇਨਾਂ ਕੈਂਪਾਂ ਵਿੱਚ ਬੂਥ ਲੈਵਲ ਅਫ਼ਸਰਾਂ ਵਲੋਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਆਪੋ ਆਪਣੇ ਬੂਥਾਂ 'ਤੇ ਰਹਿ ਕੇ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਗਏ ਇਸ ਮੌਕੇ ਬੀ ਐਲ ? ਨੇ ਦੱਸਿਆ ਕਿ ਇਨ੍ਹਾਂ ਸਪੈਸ਼ਲ ਕੈਂਪਾਂ ਦੌਰਾਨ ਨਵੀਂ ਵੋਟ ਬਣਵਾਉਣ ਲਈ ਫਾਰਮ ਨੰ: 6, ਪ੍ਰਵਾਸੀ ਭਾਰਤੀਆਂ ਦੀ ਵੋਟ ਬਣਵਾਉਣ ਲਈ ਫਾਰਮ ਨੰ: 6-ਏ, ਵੋਟ ਕਟਵਾਉਣ ਲਈ ਫਾਰਮ ਨੰ: 7, ਵੋਟਰ ਵੇਰਵਿਆਂ ਵਿੱਚ ਸੋਧ ਕਰਾਉਣ, ਡੁਪਲੀਕੇਟ ਵੋਟਰ ਕਾਰਡ ਲੈਣ ਲਈ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰ: 8 ਭਰ ਸਕਦੇ ਹਨ ਉਨਾਂ ਦੱਸਿਆ ਕਿ ਇਹ ਫਾਰਮ ਪੋਰਟਲ ਜਾਂ ਮੋਬਾਇਲ ਐਪ ਵੋਟਰ ਹੈਲਪਲਾਇਨ 'ਤੇ ਵੀ ਅਪਲਾਈ ਕੀਤੇ ਜਾ ਸਕਦੇ ਹਨ ਕਿਸੇ ਵੀ ਕਿਸਮ ਦੀ ਵਧੇਰੇ ਜਾਣਕਾਰੀ ਲਈ ਟੌਲ ਫਰੀ ਨੰਬਰ 1950 'ਤੇ ਦਫਤਰੀ ਸਮੇ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ ਅੱਜ ਇਸੇ ਲੜੀ ਤਹਿਤ ਨਵੀ ਵੋਟ ਬਣਾਉਣ ਦਾ ਕੈਂਪ ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਵਿਖੇ ਲਗਾਇਆ ਗਿਆ ਇਸ ਮੌਕੇ ਤੇ ਬਲਵੀਰ ਕੌਰ ਆਂਗਨਵਾੜੀ ਬੂਥ ਨੰਬਰ 123 , ਚੰਦਨ ਆਸ਼ਾ ਵਰਕਰ ਬੂਥ ਨੰਬਰ 158 , ਹਰਦੀਪ ਕੌਰ ਆਸ਼ਾ ਵਰਕਰ ਬੂਥ ਨੰਬਰ 159 ਵਲੋਂ 20 ਤੋਂ ਵਧੇਰੇ ਵੋਟਾ ਬਣਾਉਣ ਦੇ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ।

# ਜਗਜੀਤ ਸਿੰਘ ਡੱਲੇਵਾਲ ਭਲਕੇ ਮਰਨ ਵਰਤ ਸ਼ੁਰੂ ਕਰਨਗੇ , ਸਾਰੀ ਤਿਆਰੀਆਂ ਮੁਕੰਮਲ

**ਹਜ਼ਾਰਾਂ ਕਿਸਾਨ ਪੂਰੀ ਤਾਕਤ ਨਾਲ ਖਨੌਰੀ ਮੋਰਚੇ 'ਤੇ ਪਹੁੰਚਣਗੇ**

ਪੰਜਾਬ ਦਾ ਖੁਲਾਸਾ





**ਜੈਤੋ,24 ਨਵੰਬਰ (ਰਘੂਨੰਦਨ ਪਰਾਸ਼ਰ ):**ਖਨੌਰੀ ਬਾਰਡਰ ਉੱਪਰ 26 ਨਵੰਬਰ ਤੋਂ ਸ. ਜਗਜੀਤ ਸਿੰਘ ਡੱਲੇਵਾਲ ਵੱਲੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂਆਂ ਨੇ ਦੱਸਿਆ ਕਿ ਜਿੱਥੇ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ 'ਤੇ ਤੇ ਬੈਠਿਆ ਜਾਵੇਗਾ, ਉਸ ਸਟੇਜ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਕਿਸਾਨ ਆਗੂਆਂ ਨੇ ਅੱਗੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਦੇਸ਼ ਦੇ ਹਾਕਮ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਨ ਦੀ ਬਜਾਏ ਦਿੱਲੀ ਕਿਸਾਨ ਅੰਦੋਲਨ ਦੌਰਾਨ 750 ਤੋਂ ਉੱਪਰ ਕਿਸਾਨਾਂ ਦੀ ਸ਼ਹਾਦਤ ਲਈ ਗਈ ਸੀ ! ਜਿਸ ਉਪਰੰਤ 13 ਫ਼ਰਵਰੀ ਤੋਂ ਚੱਲ ਰਹੇ ਕਿਸਾਨ ਅੰਦੋਲਨ 02 ਦੌਰਾਨ ਵੀ 33 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਹੋ ਚੁੱਕੀ ਹੈ। ਇਸ ਸੱਤਾਧਾਰੀ ਹਾਕਮ ਵੱਲੋਂ ਜੋ ਹੋਰ ਸ਼ਹਾਦਤਾਂ ਮੰਗੀਆਂ ਜਾ ਰਹੀਆਂ ਹਨ, ਉਸ ਦੇ ਲਈ ਹੁਣ ਸੀਨੀਅਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਉੱਪਰ ਬੈਠ ਕੇ ਸ਼ਹਾਦਤ ਦਿੱਤੀ ਜਾਵੇਗੀ ਅਤੇ ਇਹ ਲੜੀ ਉਸ ਸਮੇਂ ਤੱਕ ਚੱਲਦੀ ਰਹੇਗੀ ਜਦੋਂ ਤੱਕ ਕੇਂਦਰ ਸਰਕਾਰ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕਰਦੀ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ 13 ਫ਼ਰਵਰੀ 2024 ਤੋਂ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਖਨੌਰੀ, ਸ਼ੰਭੂ ਅਤੇ ਰਤਨਪੁਰਾ ਦੇ ਬਾਰਡਰਾਂ ਉੱਪਰ ਆਪਣੀਆ ਹੱਕੀਂ ਮੰਗਾਂ ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ, ਕਿਸਾਨਾਂ-ਮਜ਼ਦੂਰਾਂ ਦੀ ਕੁੱਲ ਕਰਜ਼ਾ ਮੁਕਤੀ, ਸਵਾਮੀਨਾਥਨ ਕਮਿਸ਼ਨ ਦੇ 3+50 ਫ਼ਾਰਮੂਲੇ ਅਨੁਸਾਰ ਫ਼ਸਲਾਂ ਦੇ ਭਾਅ, 2013 ਦਾ ਭੂਮੀ ਅਧਿਗ੍ਰਹਿਣ ਕਾਨੂੰਨ ਲਾਗੂ ਕਰਨ, ਮਨਰੇਗਾ ਮਜਦੂਰਾਂ ਨੂੰ ਸਾਲ ਵਿੱਚ 200 ਦਿਨ ਰੁਜ਼ਗਾਰ ਦੇਣ ਅਤੇ ਮਨਰੇਗਾ ਨੂੰ ਖੇਤੀ ਨਾਲ ਜੋੜਨ, ਮਸਾਲੇ ਕਮਿਸ਼ਨ ਦੇ ਗਠਨ ਸਮੇਤ ਹੋਰ ਮੰਗਾਂ ਨੂੰ ਲਾਗੂ ਕਰਵਾਉਣ ਲਈ ਅੰਦੋਲਨ ਲੜਿਆ ਜਾ ਰਿਹਾ ਹੈ। ਇਹ ਹੀ BJP ਦੀ ਸਰਕਾਰ 2014 ਵਿੱਚ ਡਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੇ ਵਾਅਦੇ ਨਾਲ ਹੀ ਸੱਤਾ ਵਿੱਚ ਆਈ ਸੀ ਅਤੇ ਉਸ ਤੋਂ ਬਾਅਦ 2018 ਵਿੱਚ ਵੀ ਇਸ ਸਰਕਾਰ ਵੱਲੋਂ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ 3+50 ਦੇ ਫ਼ਾਰਮੂਲੇ ਅਨੁਸਾਰ ਫ਼ਸਲਾਂ ਦੇ ਭਾਅ ਦੇਣ ਦਾ ਵਾਅਦਾ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਕਿਸਾਨ ਅੰਦੋਲਨ ਦੌਰਾਨ ਵੀ ਇਸ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਦੀਆ ਮੰਗਾਂ ਲਿਖਤ ਵਿੱਚ ਮੰਨੀਆਂ ਗਈਆਂ ਸਨ ! ਪਰ ਕੇਂਦਰ ਸਰਕਾਰ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਦੀ ਬਜਾਏ ਕਿਸਾਨਾਂ ਮਜ਼ਦੂਰਾਂ ਨੂੰ ਮਾਰਨ ਦੀ ਨੀਤੀ ਉੱਪਰ ਹੀ ਚੱਲ ਰਹੀ ਹੈ। ਜਿਸ ਕਾਰਨ SKM ਗੈਰ-ਸਿਆਸੀ ਅਤੇ KMM ਵੱਲੋਂ ਸਖ਼ਤ ਫ਼ੈਸਲਾ ਲੈਂਦੇ ਹੋਏ ਸ਼ਹਾਦਤਾਂ ਦੇਣ ਲਈ ਮਰਨ ਵਰਤ ਦੀ ਲੜੀ ਤਹਿਤ ਮਰਨ ਵਰਤ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਜੇਕਰ ਇਸ ਦੌਰਾਨ ਜਗਜੀਤ ਸਿੰਘ ਡੱਲੇਵਾਲ ਸਰਕਾਰ ਦੀ ਜ਼ਿੱਦ ਕਾਰਨ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ ਤਾਂ ਉਨ੍ਹਾਂ ਦੀ ਮ੍ਰਿਤਕ ਦੇਹ ਖਨੌਰੀ ਬਾਰਡਰ ਵਿਖੇ ਰੱਖੀ ਜਾਵੇਗੀ ਅਤੇ ਉਸ ਤੋਂ ਬਾਅਦ ਦੂਜੇ ਕਿਸਾਨ ਆਗੂ ਸੁਖਜੀਤ ਸਿੰਘ ਹਰਦੋਝੰਡੇ ਮਰਨ ਵਰਤ ਉੱਪਰ ਬੈਠਗੇ ਅਤੇ ਇਹ ਲੜੀ ਇਸੇ ਤਰ੍ਹਾਂ ਉਸ ਸਮੇਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਰਕਾਰ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕਰਦੀ। ਕਿਸਾਨ ਆਗੂਆਂ ਨੇ ਸਾਰਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਡੇ ਸੀਨੀਅਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਆਪਣੀਆਂ ਸਭ ਦੀਆਂ ਜ਼ਮੀਨਾਂ ਅਤੇ ਬੱਚਿਆਂ ਦੇ ਭਵਿੱਖ ਲਈ ਆਪਣੀ ਜਾਨ ਦਾਅ 'ਤੇ ਲਗਾ ਰਹੇ ਹਨ ! ਹੁਣ ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਸਾਥ ਦੇਈਏ ਅਤੇ ਖਨੌਰੀ ਮੋਰਚੇ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾਈਏ। ਕਿਸਾਨ ਆਗੂਆਂ ਨੇ ਅੱਗੇ ਦੱਸਿਆ ਕਿ ਪਿਛਲੇ ਦਿਨੀਂ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ (ਭਾਰਤ) ਦੀ ਮੀਟਿੰਗ ਹੋਈ ਹੈ। ਜਿਸ ਵਿੱਚ ਦੇਸ਼ ਭਰ ਦੇ ਕਿਸਾਨ ਆਗੂ ਸ਼ਾਮਲ ਹੋਏ ਅਤੇ ਮੀਟਿੰਗ ਵਿੱਚ ਇਹ ਫ਼ੈਸਲਾ ਕੀਤਾ ਗਿਆ ਕਿ ਖਨੌਰੀ ਮੋਰਚੇ ਵਿੱਚ ਹਰਿਆਣਾ, ਪੰਜਾਬ, ਰਾਜਸਥਾਨ, ਹਿਮਾਚਲ ਅਤੇ ਯੂ.ਪੀ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਮਜ਼ਦੂਰ ਪਹੁੰਚਣਗੇ ਅਤੇ ਕਰਨਾਟਕ, ਤਾਮਿਲਨਾਡੂ, ਤੇਲੰਗਾਨਾ ਸਮੇਤ ਦੱਖਣੀ ਭਾਰਤ ਦੇ ਕਈ ਸੂਬਿਆਂ 'ਚ ਮਰਨ ਵਰਤ ਦੇ ਸਮਰਥਨ 'ਚ 26 ਨਵੰਬਰ ਤੋਂ ਜ਼ਿਲਾ ਹੈੱਡਕੁਆਰਟਰਾਂ 'ਤੇ ਸ਼ਾਂਤਮਈ ਪ੍ਰਦਰਸ਼ਨ ਕੀਤੇ ਜਾਣਗੇ।

# ਦੂਜੇ ਦਿਨ ਵੀ ਵੋਟਾਂ ਦੀ ਸੁਧਾਈ ਲਈ ਪਿੰਡਾਂ 'ਚ ਬੀ.ਐੱਲ.ਓਜ਼. ਨੇ ਲਗਾਏ ਸਪੈਸ਼ਲ ਕੈਂਪ

ਪੰਜਾਬ ਦਾ ਖੁਲਾਸਾ



**ਨੂਰਪੁਰਬੇਦੀ, 24 ਨਵੰਬਰ (ਦਲਜੀਤ ਚਨੌਲੀ)**-ਡਿਪਟੀ ਕਮਿਸ਼ਨਰ ਰੂਪਨਗਰ-ਕਮ-ਜ਼ਿਲਾ ਚੋਣ ਅਧਿਕਾਰੀ ਦੇ ਆਦੇਸ਼ਾਂ ਤਹਿਤ ਅੱਜ ਦੂਜੇ ਦਿਨ ਵੀ ਵੱਖ-ਵੱਖ ਪਿੰਡਾਂ 'ਚ ਸਥਿਤ ਪਿਲੰਗ ਬੂਥਾਂ 'ਤੇ ਪਹੁੰਚ ਕੇ ਬੀ.ਐੱਲ.ਓਜ਼. ਨੇ ਵੋਟਾਂ ਦੀ ਸੁਧਾਈ ਸਬੰਧੀ ਸਪੈਸ਼ਲ ਕੈਂਪ ਲਗਾਏ। ਜਿਸ ਦੌਰਾਨ ਨੌਜਵਾਨ ਨਾਗਰਿਕਾਂ ਨੇ ਵੋਟਾਂ ਬਣਾਉਣ ਲਈ ਭਾਰੀ ਉਤਸਾਹ ਦਿਖਾਇਆ । ਜ਼ਿਕਰਯੋਗ ਹੈ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ 1 ਜਨਵਰੀ 2025 ਦੇ ਆਧਾਰ 'ਤੇ 29 ਅਕਤੂਬਰ 2024 ਤੋਂ 28 ਨਵੰਬਰ 2024 ਤੱਕ ਵੋਟਰ ਸੂਚੀਆਂ ਦੀ ਸੁਧਾਈ ਦੀ ਮੁਹਿੰਮ ਚਲਾਈ ਜਾ ਰਹੀ ਹੈ । ਜਿਸ ਤਹਿਤ ਜ਼ਿਲਾ ਪ੍ਰਸ਼ਾਸ਼ਨ ਵੱਲੋਂ 23 ਅਤੇ 24 ਨਵੰਬਰ ਨੂੰ ਸਬੰਧਿਤ ਪਿਲੰਗ ਬੂਥਾਂ 'ਤੇ ਉਕਤ 2 ਰੋਜ਼ਾ ਸਪੈਸ਼ਲ ਕੈਂਪ ਲਗਾਏ ਗਏ

ਇਸ ਦੌਰਾਨ ਪਿਲੰਗ ਸਟੇਸ਼ਨਾਂ 'ਤੇ ਪਹੁੰਚੇ ਬੀ.ਐੱਲ.ਓਜ਼. ਨੇ ਦੱਸਿਆ ਕਿ ਵੋਟ ਬਣਾਉਣ ਲਈ ਕੋਈ ਵੀ ਯੋਗ ਨਾਗਰਿਕ ਆਪਣੇ ਫਾਰਮ ਆਨਲਾਈਨ ਅਪਲਾਈ ਕਰ ਸਕਦਾ ਹੈ ਜਾਂ ਫਿਰ ਮੋਬਾਇਲ ਐਪ, ਵੋਟਰ ਹੈੱਲਪਲਾਈਨ ਰਾਹੀਂ ਅਤੇ ਆਫਲਾਈਨ ਆਪਣੇ ਸਬੰਧਿਤ ਬੀ.ਐੱਲ.ਓ. ਕੋਲ ਵੀ ਫਾਰਮ ਨੰਬਰ 6 ਭਰ ਕੇ ਜਮ੍ਹਾਂ ਕਰਵਾ ਸਕਦਾ ਹੈ ? ਇਸ ਦੌਰਾਨ ਅੱਜ ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ੍ਹ ਦੇ ਆਦੇਸ਼ਾਂ ਤਹਿਤ ਸਬੰਧਿਤ ਪਿਲੰਗ ਸਟੇਸ਼ਨਾਂ 'ਤੇ ਲਗਾਏ ਗਏ ਉਕਤ ਕੈਂਪਾਂ ਦੌਰਾਨ ਨਾਗਰਿਕ ਨਵੀਂ ਵੋਟ ਬਣਾਉਣ, ਵੋਟ ਕਟਵਾਉਣ, ਵੇਰਵਿਆਂ ਦੀ ਦਰੁੱਸਤੀ, ਰਿਹਾਇਸ਼ 'ਚ ਤਬਦੀਲੀ ਅਤੇ ਡੁਪਲੀਕੇਟ ਵੋਟਰ ਕਾਰਡ ਪ੍ਰਾਪਤ ਕਰਨ ਸਬੰਧੀ ਫਾਰਮ ਹਾਸਿਲ ਕੀਤੇ ਗਏ। ਇਸ ਦੌਰਾਨ ਸੁਪਰਵਾਈਜ਼ਰ ਰਾਜੇਸ਼ ਚੋਪੜਾ ਨੇ ਵੀ ਵੱਖ-ਵੱਖ ਪਿਲੰਗ ਸਟੇਸ਼ਨਾਂ 'ਤੇ ਪਹੁੰਚ ਕੇ ਕੰਮ ਦਾ ਨਿਰੀਖਣ ਕੀਤਾ।

ਇਨ੍ਹਾਂ ਕੈਂਪਾਂ ਦੌਰਾਨ ਮੁਕੇਸ਼ ਭੰਡਾਰੀ, ਅਮਰਜੀਤ ਸਿੰਘ, ਰਾਜੀਵ ਲੂੰਬਾ, ਗੁਰਪ੍ਰਤਾਪ ਸਿੰਘ, ਸੁਖਵਿੰਦਰ ਸਿੰਘ, ਗੁਰਸੇਵਕ ਸਿੰਘ, ਹਰਕੇਸ਼ ਕੁਮਾਰ, ਬਖਸ਼ੀ ਰਾਮ, ਅਮਰਜੀਤ ਸੈਣੀ, ਸੁਰਿੰਦਰ ਕੁਮਾਰ, ਰਾਜਨ ਸ਼ਰਮਾ, ਹਰਜਿੰਦਰ ਸਿੰਘ, ਇੰਦਰਜੀਤ ਸਿੰਘ, ਮਹਿੰਦਰ ਸਿੰਘ ਅਤੇ ਦਵਿੰਦਰ ਕੁਮਾਰ ਆਦਿ ਬੀ.ਐੱਲ.ਓਜ਼. ਵੱਲੋਂ ਟੇਡੇਵਾਲ, ਭੱਟੋਂ, ਜੱਟਪੁਰ, ਕਰਤਾਰਪੁਰ, ਨੂਰਪੁਰ ਖੁਰਦ, ਸੈਣੀਮਾਜਰਾ, ਨੂਰਪੁਰਬੇਦੀ ਅਤੇ ਬਜਰੂੜ ਸਹਿਤ ਵੱਖ-ਵੱਖ ਪਿੰਡਾਂ 'ਚ ਵੋਟਰ ਸੂਚੀਆਂ ਦੀ ਸੁਧਾਈ ਸਬੰਧੀ ਸਪੈਸ਼ਲ ਕੈਂਪ ਲਗਾਏ ਗਏ , ਜੱਟਪੁਰ ਵਿਖੇ ਬੀ.ਐੱਲ.ਓਜ਼. ਦੇ ਕੰਮ ਦਾ ਨਿਰੀਖਣ ਕਰਦੇ ਸੁਪਰਵਾਈਜ਼ਰ ਰਾਜੇਸ਼ ਚੋਪੜਾ ।

# ਫਰੀਦਕੋਟ ਪੁਲਿਸ ਦੀ ਨਵੇਕਲੀ ਪਹਿਲ: ਸਕੂਲ ਵਿੱਚ ਗੁੰਡਾਗਰਦੀ ਕਰਨ ਵਾਲੇ ਬੱਚਿਆਂ ਨੂੰ ਵਾਰਦਾਤ ਤੋ ਪਹਿਲਾ ਕੀਤਾ ਕਾਬੂ ਅਤੇ ਮਾਪਿਆ ਦੀ ਹਾਜਰੀ ਵਿੱਚ ਸੁਧਰਨ ਦਾ ਮੌਕਾ ਦਿੰਦੇ ਹੋਏ ਮਾਪਿਆਂ ਦੀ ਮੰਗ ਤੇ ਬੱਚਿਆਂ ਨੂੰ ਪੁਲਿਸ ਨਾਲ ਹਰ ਰੋਜ 02 ਘੰਟੇ ਬਿਤਾਉਣ ਦਾ ਮੌਕਾ ਦਿੱਤਾ ਜਾਵੇਗਾ

ਪੰਜਾਬ ਦਾ ਖੁਲਾਸਾ

**ਫਰੀਦਕੋਟ 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)**- ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਲਗਾਤਾਰ ਪਬਲਿਕ ਦੀ ਸੁਰੱਖਿਆ ਲਈ ਜਿੰਮੇਵਾਰੀ ਨਾਲ ਡਿਊਟੀ ਨਿਭਾ ਰਹੀ ਹੈ। ਜਿਸਦੇ ਤਹਿਤ ਫਰੀਦਕੋਟ ਪੁਲਿਸ ਦੀ ਪੀ.ਸੀ.ਆਰ ਟੀਮ ਵੱਲੋਂ ਸਕੂਲ ਵਿੱਚ ਗੁੰਡਾਗਰਦੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਵਾਰਦਾਤ ਕਰਨ ਤੋ ਪਹਿਲਾ ਹੀ ਕਾਬੂ ਕਰਨ ਵਿੱਚ ਸਫਲਤਾ ਹਾਸਿਲ ਕੀਤਾ ਗਈ ਹੈ। ਜਿਸ ਉਪਰੰਤ ਉਹਨਾ ਵਿਦਿਆਰਥੀਆਂ ਦੇ ਮਾਪਿਆਂ ਦੀ ਮੰਗ ਤੇ ਸਕੂਲੀ ਬੱਚਿਆਂ ਨੂੰ ਸੁਰੱਖਿਅਤ ਅਤੇ ਜਿੰਮੇਵਾਰ ਆਚਰਨ ਨੂੰ ਅਪਨਾਉਣ ਲਈ ਫਰੀਦਕੋਟ ਟ੍ਰੈਫਿਕ ਪੁਲਿਸ ਨਾਲ ਇੱਕ ਹਫਤੇ ਲਈ ਹਰ ਰੋਜ 02 ਘੰਟੇ ਬਿਤਾਉਣ ਦਾ ਮੌਕਾ ਦਿੱਤਾ ਗਿਆ ਹੈ।

ਮਿਤੀ 23-11-2024 ਨੂੰ ਪੀ.ਸੀ.ਆਰ ਪਾਰਟੀ ਨੂੰ ਸੂਚਨਾ ਮਿਲੀ ਕਿ ਦਸ਼ਮੇਸ਼ ਪਬਲਿਕ ਸਕੂਲ, ਫਰੀਦਕੋਟ ਦੇ ਬਾਹਰ 2-3 ਕਾਰਾਂ ਪਰ ਸਵਾਰ ਹੋ ਕੇ ਸਕੂਲੀ ਵਿਦਿਆਰਥੀਆਂ ਵੱਲੋਂ ਸਕੂਲ ਵਿੱਚ ਲੜਨ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਿਸ ਤੇ ਪੀ.ਸੀ.ਆਰ ਪਾਰਟੀ ਤੁਰੰਤ ਮੌਕੇ ਤੇ ਪਹੁੰਚ ਜਾਦੀ ਹੈ। ਜਿਸ ਦੌਰਾਨ ਇਹਨਾਂ ਵਿਦਿਆਰਥੀਆਂ ਵੱਲੋਂ ਮੌਕੇ ਤੋ ਭੱਜਣ ਦੀ ਕੋਸ਼ਿਸ਼ ਕੀਤੀ ਗਈ ਅਤੇ ਜਿਸ ਦੌਰਾਨ ਪੀ.ਸੀ.ਆਰ ਪਾਰਟੀ ਦਾ ਮੋਟਰਸਾਈਕਲ ਹਿੱਟ ਹੋ ਜਾਦਾ ਹੈ। ਜਿਸ ਵਿੱਚ ਕਿਸੇ ਵੀ ਪੀ.ਸੀ.ਆਰ ਪਾਰਟੀ ਦੇ ਕਰਮਚਾਰੀਆਂ ਦਾ ਕੋਈ ਵੀ ਨੁਕਸਾਨ ਨਹੀ ਹੋਇਆ ਸੀ। ਜਿਸ ਉਪਰੰਤ ਫਰੀਦਕੋਟ ਪੁਲਿਸ ਇਹਨਾਂ ਵਿਦਿਆਰਥੀਆ ਨੂੰ ਰਾਊਡ ਅੱਪ ਕੀਤਾ ਗਿਆ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਇਹਨਾਂ ਵਿਦਿਆਰਥੀਆਂ ਵਿੱਚ ਸਕੂਲ ਵੈਲਫੇਅਰ ਪਾਰਟੀ ਨੂੰ ਲੈ ਕੇ ਆਪਸ ਵਿੱਚ ਤਕਰਾਰ ਹੋਈ ਸੀ। ਜਿਸ ਵਿੱਚ ਇਹਨਾਂ ਵੱਲੋਂ ਇਹ ਕਦਮ ਉਠਾਇਆ ਗਿਆ ਸੀ।




ਜਿਸਤੇ ਫਰੀਦਕੋਟ ਪੁਲਿਸ ਵੱਲੋਂ ਇਹਨਾਂ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੁਲਾਇਆਂ ਗਿਆ ਜਿਹਨਾ ਵੱਲੋ ਉਹਨਾਂ ਦੇ ਬੱਚਿਆਂ ਦੀ ਗਲਤੀ ਸਵਿਕਾਰ ਕਰਦੇ ਹੋਏ ਅਤੇ ਉਹਨਾਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੇ ਬੱਚਿਆਂ ਨੂੰ ਸੁਧਰਨ ਦਾ ਮੌਕਾ ਦੇਣ ਦੀ ਅਪੀਲ ਕੀਤੀ ਗਈ ਜਿਸ ਤੇ ਫਰੀਦਕੋਟ ਪੁਲਿਸ ਵੱਲੋ ਬੱਚਿਂਆਂ ਦੇ ਭਵਿੱਖ ਨੂੰ ਦੇਖਦੇ ਹੋਏ ਵਿਦਿਆਰਥੀਆਂ ਦੇ ਮਾਪਿਆਂ ਦੀ ਹਾਜਰੀ ਵਿੱਚ ਉਹਨਾਂ ਦੀ ਮੰਗ ਤੇ ਬੱਚਿਆ ਨੂੰ ਇੱਕ ਮੌਕਾ ਦਿੱਤਾ ਗਿਆ ਅਤੇ ਉਹਨਾਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਤੇ ਨਿਗਰਾਨੀ ਰੱਖਣ ਦੀ ਹਦਾਇਤ ਕੀਤੀ ਗਈ ਤਾਂ ਜੋ ਉਹ ਅੱਗੇ ਤੋ ਭਵਿੱਖ ਵਿੱਚ ਇਸ ਤਰ੍ਹਾ ਦੀ ਗਲਤੀ ਨਾ ਕਰਨ।

ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡਾ ਮਕਸਦ ਵਿਦਿਆਰਥੀਆਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਾਉਣਾ ਅਤੇ ਸਮਾਜਕ ਜ਼ਿੰਮੇਵਾਰੀਆਂ ਨੂੰ ਸਮਝਾਉਣਾ ਹੈ ਤਾਂ ਕਿ ਬੱਚੇ ਅਨੁਸ਼ਾਸਨ ਦੀ ਮਹੱਤਤਾ ਨੂੰ ਜਾਨਣ ਅਤੇ ਆਪਣੇ ਵਧੀਆਂ ਭਵਿੱਖ ਲਈ ਨਵੀਆ ਸਿੱਖਿਆਵਾ ਹਾਸਿਲ ਕਰਨ। ਇਹ ਪਹਿਲ ਉਨ੍ਹਾਂ ਦੇ ਚਰਿੱਤਰ ਨਿਰਮਾਣ ਲਈ ਮਦਦਗਾਰ ਸਾਬਤ ਹੋਵੇਗੀ। ਇਸ ਸਬੰਧੀ ਵਿਦਿਆਰੀਆਂ ਦੇ ਮਾਪਿਆਂ ਵੱਲੋ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਦਾ ਬਹੁਤ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਉਹਨਾਂ ਵੱਲੋਂ ਕਿਹਾ ਗਿਆ ਕਿ ਜਿੱਥੇ ਫਰੀਦਕੋਟ ਪੁਲਿਸ ਦੀ ਪੀ.ਸੀ.ਆਰ ਟੀਮ ਵੱਲੋਂ ਮੌਕੇ ਤੇ ਪਹੁੰਚ ਕੇ ਕਿਸੇ ਵੀ ਤਰ੍ਹਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਤੋ ਬਚਾਇਆ ਗਿਆ, ਉਸਦੇ ਨਾਲ ਹੀ ਉਹਨਾਂ ਦੇ ਬੱਚੇ ਫਰੀਦਕੋਟ ਪੁਲਿਸ ਨਾਲ ਬਿਤਾਏ ਸਮੇਂ ਕਾਰਨ ਸਮਾਜ ਪ੍ਰਤੀ ਬਹੁਤ ਕੁਝ ਸਿੱਖਣ ਦਾ ਮੌਕਾ ਵੀ ਮਿਲੇਗਾ। ਇਸ ਤੋ ਇਲਾਵਾ ਉਹਨਾਂ ਵੱਲੋਂ ਆਉਣ ਵਾਲੇ ਸਮੇ ਵਿੱਚ ਆਪਣੇ ਬੱਚਿਆਂ ਦਾ ਪੂਰੀ ਤਰ੍ਹਾਂ ਧਿਆਨ ਰੱਖਣ ਸਬੰਧੀ ਵੀ ਵਚਨ ਲਿਆ ਗਿਆ।

# ਮਜ਼ਦੂਰਾਂ ਤੇ ਕਿਸਾਨਾਂ ਦੀਆਂ ਮੰਗਾਂ ਮੁਸ਼ਕਿਲਾਂ ਦੇ ਹੱਲ ਕਰਾਉਣ ਲਈ 26 ਨਵੰਬਰ ਨੂੰ ਸਵੇਰੇ 11 ਵਜੇ ਜ਼ਿਲ ?ਾ ਹੈਡ ਕੁਆਰਟਰਾਂ ਤੇ ਦਿੱਤੇ ਜਾਣਗੇ ਧਰਨੇ- ਮਹਾ ਸਿੰਘ ਰੋੜੀ

ਪੰਜਾਬ ਦਾ ਖੁਲਾਸਾ

**ਨੂਰਪੁਰ ਬੇਦੀ, 24 ਨਵੰਬਰ (ਦਲਜੀਤ ਚਨੌਲੀ)**- 26 ਨਵੰਬਰ ਸੰਵਿਧਾਨ ਦੀ ਸਥਾਪਨਾ ਦਿਵਸ ਅਤੇ 26 ਨਵੰਬਰ ਦਿੱਲੀ ਮੋਰਚੇ ਦੇ ਚਾਰ ਸਾਲ ਪੂਰੇ ਹੋਣ ਤੇ ਦੇਸ਼ ਦੇ ਮਜ਼ਦੂਰ ਮੁਲਾਜ਼ਮਾਂ ਦੀਆਂ ਸੀਮੌਰ ਕੇਂਦਰੀ ਟਰੇਡ ਯੂਨੀਅਨ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਮੰਗਾਂ ਮੁਸ਼ਕਲਾਂ ਦੇ ਹੱਲ ਲਈ ਸਾਰੇ ਦੇਸ਼ ਦੇ ਜ਼ਿਲ੍ਹਾ ਹੈਡ ਕੁਆਰਟਰਾਂ ਤੇ 26 ਨਵੰਬਰ ਨੂੰ ਸਵੇਰੇ 11 ਵਜੇ ਤੋਂ 2 ਵਜੇ ਤੱਕ ਧਰਨੇ ਦਿੱਤੇ ਜਾਣਗੇ ? ਇਸ ਨੂੰ ਮੁੱਖ ਰੱਖਦੇ ਹੋਏ ਰੋਪੜ ਜ਼ਿਲ੍ਹੇ ਦੀਆਂ ਟਰੇਡ ਯੂਨੀਅਨ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਵੱਡੇ ਪੱਧਰ ਤੇ ਰੋਪੜ ਡਿਪਟੀ ਕਮਿਸ਼ਨਰ ਦਫਤਰ ਅੱਗੇ ਮਾਰੇ ਜਾਣ ਵਾਲੇ ਧਰਨੇ ਵਿੱਚ ਪਹੁੰਚਣ ਲਈ ਸਮੁੱਚੇ ਪਰਿਵਾਰ ਨੂੰ ਕਿਰਤੀ ਵਰਗ ਨੂੰ ਇਸ ਧਰਨੇ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਹੈ। ? ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੀ ਟੂ ਦੇ ਸੂਬਾ ਪ੍ਰਧਾਨ ਕਾਮਰੇਡ ਮਹਾ ਸਿੰਘ ਰੋੜੀ ਅਤੇ ਸੂਬਾ ਸਕੱਤਰ ਗੁਰਦੇਵ ਸਿੰਘ ਬਾਗੀ ਨੇ ਕਿਹਾ ਕਿ ਇਹਨਾਂ ਧਰਨਿਆਂ ਵਿੱਚ ਸੀਟੂ ਸਮੇਤ ਹੋਰ ਟ੍ਰੇਡ ਯੂਨੀਅਨ ਵੱਲੋਂ ਜਿਹੜੀਆਂ ਮਜ਼ਦੂਰ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਵਿੱਚ? ਕਿਰਤੀਆਂ ਵਿਰੁੱਧ ਬਣਾਏ? ਚਾਰ ਲੇਬਰ ਕੋਡ? ਰੱਦ ਕਰਨ ਦੀ ਮੰਗ



ਮਜ਼ਦੂਰਾਂ ਪੱਖੀ 29 ਲੇਬਰ ਕਾਨੂੰਨਾਂ ਦੀ ਬਹਾਲੀ? ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਠੇਕੇਦਾਰੀ ਸਿਸਟਮ ਖਤਮ ਕਰਨ ਦੀ? ਮੰਗ ਅਣ ਸਖਿਆਤ? ਕਾਮੇ ਨੂੰ ਘੱਟੋ ਘੱਟ 26 ਹਜਾਰ ਰੁਪਏ ਮਹੀਨਾ ਦੇਣ ਦੀ ਮੰਗ? ਅੱਗੇ ਉਨਾ ਕਿਹਾ ਕੀ ਭਾਰਤ ਦੇ? ਹਰੇਕ ਨਾਗਰਿਕ ਨੂੰ ਬੁਢਾਪਾ ਪੈਨਸ਼ਨ ਘੱਟੋ ਘੱਟ 10 ਹਜ ਰੁਪਏ ਮਹੀਨੇ ਦੀ ਮੰਗ ਸਾਰੇ ਸਕੀਮ ਵਰਕਰਾਂ ਨੂੰ ਸਰਕਾਰੀ ਮੁਲਾਜ਼ਮ ਬਣਾਉਣ ਦੀ ਮੰਗ ਜਿੰਨਾ ਚਿਰ ਸਰਕਾਰੀ ਮੁਲਾਜ਼ਮ ਨਹੀਂ ਬਣਦੇ ਸਰਕਾਰ ਉਹਨਾਂ ਚਿਰ ਉਹਨਾਂ ਨੂੰ ਮਜ਼ਦੂਰ ਮੰਨਦੇ ਹੋਏ ਘੱਟੋ ਘੱਟ ਉਜਰਤ ਕਾਨੂੰਨ ਦੇ ਘੇਰੇ ਵਿੱਚ ਲਿਆ ਕੇ 26 ਹਜਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਮੰਗ? ਅਤੇ ਪੇਂਡੂ ਚੌਕੀਦਾਰਾਂ ਨੂੰ ਘੱਟੋ ਘੱਟ ਉਜਰਤ ਕਾਨੂੰਨ ਦੇ ਘੇਰੇ ਵਿੱਚ ਲਿਆ ਕੇ 26000 ਮਹੀਨਾ ਦੇਣ? ਅੱਗੇ

ਬਿਆਨ ਕਰਦਿਆਂ ਭਾਰਤ ਨਿਰਮਾਣ ਮਿਸਤਰੀ ਮਜ਼ਦੂਰ ਯੂਨੀਅਨ ਸੀਟੂ ਤੇ ਆਗੂ ਪ੍ਰੇਮ ਚੰਦ ਜੱਟ ਪਰ ਅਤੇ ਸੀਟੂ ਦੇ ਸੀਨੀਅਰ ਆਗੂ ਕਾਮਰੇਡ ਰਾਮ ਸਿੰਘ ਸੈਣੀ ਮਾਜਰਾ ਨੇ ਕਿਹਾ ਕਿ? ਨਿਰਮਾਣ ਮਜ਼ਦੂਰਾਂ ਵੱਲੋਂ ਕਾਫੀ ਲੰਬੇ ਸਮੇਂ ਤੋਂ ਅਪਲਾਈ ਕੀਤੀਆਂ ਵੱਖ-ਵੱਖ ਸਕੀਮਾਂ? ਜਿਵੇਂ ਕਿ ਸ਼ਗਨ ਸਕੀਮ ਬੱਚਿਆਂ ਦੇ ਵਜ਼ੀਫੇ? ਐਲਟੀਸੀ ਅਤੇ ਹੋਰ ਸਕੀਮਾਂ ਜੋ ਕੀ ਲੇਬਰ ਡਿਪਾਰਟਮੈਂਟ ਵਲੋ ਹੁਣ ਤੱਕ ਪਾਸ ਨਹੀਂ ਕੀਤੇ ਗਏ ਸਾਡੀ ਮੰਗ ਹੈ ਕੀ ਇਹਨਾਂ ਨੂੰ ਜਲਦੀ ਤੋਂ ਜਲਦੀ ਪਾਸ ਕੀਤਾ ਜਾਵੇ ਅਤੇ ਬਣ ਦੇ ਬੈਨੀਫਿਟ ਮਜ਼ਦੂਰਾਂ ਦੇ ਖਾਤਿਆਂ ਵਿੱਚ ਪਾਏ ਜਾਣ? ਅਤੇ ਸਾਲ ਵਿੱਚ ਦੋ ਮੀਟਿੰਗਾਂ ਬੋਰਡ ਦੀਆਂ ਕਰਾਈਆਂ ਜਾਣ? ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ ਘੱਟੋ ਘੱਟ 200 ਦਿਨ ਕੰਮ ਅਤੇ ਮਨਰੇਗਾ ਮਜ਼ਦੂਰਾਂ ਨੂੰ 700 ਰੁਪਆ ਦਿਹਾੜੀ? ਦਿਤੀ ਜਾਵੇ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ 10-10 ਮਾਰਲੇ ਦੇ ਪਲਾਟ ਦਿੱਤੇ ਜਾਣ ਅਤੇ ਘਰ ਬਣਾਉਣ ਲਈ 5 ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ? ਅਤੇ ਮਜ਼ਦੂਰਾਂ ਦੇ ਕਰਜ਼ੇ ਮਾਫ ਕੀਤੇ ਜਾਣ? ਸੋ ਇਹਨਾਂ ਮਜ਼ਦੂਰ ਵਰਗ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ 26 ਨਵੰਬਰ ਨੂੰ ਸਵੇਰੇ 11 ਵਜੇ ਰੋਪੜ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਮਜ਼ਦੂਰ ਕਿਸਾਨਾਂ ਦੇ ਸਾਂਝੇ ਧਰਨੇ ਸਾਂਝੀਆਂ ਮੰਗਾਂ ਲਈ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ?

# ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਅਥਲੈਟਿਕਸ ਦੇ ਵੱਖ ਵੱਖ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਸ਼ਾਨਦਾਰ ਤਰੀਕੇ ਨਾਲ ਪ੍ਰਦਰਸ਼ਨ ਕਰਕੇ ਮਾਰੀਆਂ ਮੱਲ੍ਹਾਂ

ਪੰਜਾਬ ਦਾ ਖੁਲਾਸਾ




**ਜੈਤੋ 24 ਨਵੰਬਰ (ਗੁਰਦੀਪ ਸਿੰਘ ਢਿੱਲੋਂ/ਰਘੁਨੰਦਨ ਪਰਾਸ਼ਰ)**: ਪੰਜਾਬ ਸਰਕਾਰ ਵਲੋਂ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਲੁਧਿਆਣਾ ਵਿਖੇ ਚੱਲ ਰਹੀਆਂ ਹਨ। ਪੰਜਾਬ ਸਰਕਾਰ ਦੇ ਖੇਡ ਵਿਭਾਗ ਪੰਜਾਬ ਵੱਲੋਂ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਸਹਿਯੋਗ ਨਾਲ ਪੈਰਾਂ ਖੇਡਾਂ ਵਤਨ ਪੰਜਾਬ ਦੀਆਂ 20 ਨਵੰਬਰ ਤੋਂ 25 ਨਵੰਬਰ ਤੱਕ ਗੁਰੂ ਨਾਨਕ ਦੇਵ ਜੀ ਖੇਡ ਸਟੇਡੀਅਮ ਲੁਧਿਆਣਾ ਵਿਖੇ ਸਫ਼ਲਤਾ ਪੂਰਵਕ ਚੱਲ ਜਾ ਰਹੀਆਂ ਹਨ, ਅੱਜ 24 ਨਵੰਬਰ ਨੂੰ ਮੁੰਡਿਆਂ ਦੇ ਪੈਰਾ ਅਥਲੈਟਿਕਸ 100 ਮੀਟਰ, 200 ਮੀਟਰ, 400 ਮੀਟਰ, 800,1500 ਮੀਟਰ,3000 ਮੀਟਰ, 5000 ਮੀਟਰ ਦੌੜਾਂ ਦੇ ਮੁਕਾਬਲੇ, ਸ਼ਾਟਪੁੱਟ, ਲੰਬੀ ਛਾਲ, ਉੱਚੀ ਛਾਲ, ਜੇਵੇਲਿਨ ਥਰੋ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਪ੍ਰਧਾਨ ਜਸਪ੍ਰੀਤ ਸਿੰਘ ਧਾਲੀਵਾਲ ਅਤੇ ਮੀਡੀਆ ਇੰਚਾਰਜ ਪ੍ਰਮੋਦ ਧੀਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਾਲ ਪੰਜਾਬ ਸਰਕਾਰ ਵੱਲੋਂ ਪੂਰੇ ਭਾਰਤ ਵਿੱਚ ਪਹਿਲੀ ਵਾਰ ਕਰਾਈਆਂ ਜਾਣ ਵਾਲੀਆਂ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਪੈਰਾ ਅਥਲੈਟਿਕਸ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜੇਤੂ ਖਿਡਾਰੀਆਂ ਨੂੰ ਮੈਡਲ ਪਾਕੇ ਸਨਮਾਨਿਤ ਕੀਤਾ ਗਿਆ।ਅੱਜ ਮੁੱਖ ਮਹਿਮਾਨ ਵਜੋਂ ਦਿੱਲੀ ਤੋਂ ਬੋਸ਼ੀਆ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਅਸ਼ੋਕ ਬੇਦੀ, ਵਿਸ਼ੇਸ਼ ਮਹਿਮਾਨ ਹਰਵਿੰਦਰ ਸਿੰਘ ਅਰਜਨ ਅਵਾਰਡੀ ਤੇ ਪੈਰਿਸ ਪੈਰਾਲੰਪਿਕ 2024 ਦੇ ਪੈਰਾ ਆਰਚਰੀ ਵਿੱਚ ਗੋਲਡ ਮੈਡਲ ਜੇਤੂ ਖਿਡਾਰੀ, ਸੋਮੇਲ ਜੀ ਪੀ ਸੀ ਐਸ, ਏ ਡੀ ਸੀ ਰੋਪੜ ਤੇ ਗੋਲਡ ਮੈਡਲ ਜੇਤੂ ਪੈਰਾ ਸ਼ਾਟਪੁੱਟ ਖਿਡਾਰੀ,ਕੁਲਦੀਪ ਚੁੱਘ ਜੀ ਡੀ ਐਸ ਓ ਲੁਧਿਆਣਾ, ਨਰਿੰਦਰ ਸਿੰਘ ਜੀ ਲੁਧਿਆਣਾ, ਕੋਚ ਰਵਿੰਦਰ ਜੀ,ਮੁਹੰਮਦ ਯਾਸਿਰ ਪੰਜਾਬ ਤੋਂ ਪੈਰਾ ਓਲੰਪੀਅਨ ਤੇ ਏਸ਼ੀਅਨ ਮੈਡਲ ਜੇਤੂ , ਮਿਥੁਨ ਹੁਸ਼ਿਆਰਪੁਰ ਅੰਤਰਰਾਸ਼ਟਰੀ ਗੋਲਡ ਮੈਡਲ ਜੇਤੂ ਖਿਡਾਰੀ, ਪਰਵਿੰਦਰ ਸਿੰਘ ਜਲੰਧਰ ਅੰਤਰਰਾਸ਼ਟਰੀ ਖਿਡਾਰੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਜੇਤੂ ਖਿਡਾਰੀਆਂ ਨੂੰ ਮੈਡਲ ਪਾਕੇ ਸਨਮਾਨਿਤ ਕੀਤਾ। ਇਹਨਾਂ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਫਰੀਦਕੋਟ ਜ਼ਿਲ੍ਹੇ ਦੇ ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਨੇ ਬਾਖੂਬੀ ਨਿਭਾਈ।

ਇਸ ਮੌਕੇ ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਦੇ ਅਹੁਦੇਦਾਰ ਪ੍ਰਧਾਨ ਚਰਨਜੀਤ ਸਿੰਘ ਬਰਾੜ, ਜਸਪ੍ਰੀਤ ਸਿੰਘ ਧਾਲੀਵਾਲ, ਸ਼ਾਮਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਟਫੀ ਬਰਾੜ, ਡਾਕਟਰ ਰਮਨਦੀਪ ਸਿੰਘ, ਮੀਡੀਆ ਇੰਚਾਰਜ ਪ੍ਰਮੋਦ ਧੀਰ, ਜਗਰੂਪ ਸਿੰਘ ਸੂਬਾ ਬਰਾੜ, ਗੁਰਪ੍ਰੀਤ ਸਿੰਘ ਧਾਲੀਵਾਲ, ਜਸਇੰਦਰ ਸਿੰਘ ਢਿੱਲੋਂ, ਅਮਨਦੀਪ ਸਿੰਘ ਬਰਾੜ, ਡਾਕਟਰ ਲਾਕਸ਼ੀ, ਡਾਕਟਰ ਨਵਜੋਤ ਸਿੰਘ, ਡਾਕਟਰ ਗੁਰਸ਼ਰਨ ਸਿੰਘ, ਸੁਖਜਿੰਦਰ ਸਿੰਘ, ਕੋਚ ਗਗਨਦੀਪ ਸਿੰਘ, ਕੋਚ ਮਨਪ੍ਰੀਤ ਸਿੰਘ, ਰਮਨ ਕੁਮਾਰ, ਸੁਖਪ੍ਰੀਤ ਸਿੰਘ ਢਿੱਲੋਂ,ਸਿਮਰਨ ਕੌਰ ਰੰਧਾਵਾ,ਖੁਸ਼ਦੀਪ ਕੌਰ, ਹਰੀਸ਼ਾ ਅਤੇ ਸ਼ਵਨ ਆਦਿ ਨੇ ਵੀ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਪੈਰਾ ਖਿਡਾਰੀਆਂ ਨੂੰ ਪੈਰਾ ਖੇਡਾਂ ਵਤਨ ਪੰਜਾਬ ਦੀਆਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ, ਮੁਬਾਰਕਾਂ ਦਿੱਤੀਆਂ ਅਤੇ ਪ੍ਰਬੰਧਕਾਂ ਵਜੋਂ ਵਿਸ਼ੇਸ਼ ਸਹਿਯੋਗ ਦਿੱਤਾ।

# ਮਨੁੱਖੀ ਅਧਿਕਾਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਸਪੋਰਟਸ ਵਿੰਗ ਪੰਜਾਬ ਦੀ ਮੀਟਿੰਗ ਪਿੰਡ ਚੱਕ ਮਾਫੀ ਵਿਖੇ ਹੋਈ

ਪੰਜਾਬ ਦਾ ਖੁਲਾਸਾ

**ਖੰਨਾ 24 ਨਵੰਬਰ ( ਜੇ ਐਸ ਖੰਨਾ )** ਮਨੁੱਖੀ ਅਧਿਕਾਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਸਪੋਰਟਸ ਵਿੰਗ ਪੰਜਾਬ ਪ੍ਰਧਾਨ ਜਗਦੇਵ ਸਿੰਘ ਸੇਖੋਂ ਵੱਲੋਂ ਪਿੰਡ



ਚੱਕ ਮਾਫੀ ਕਲੋਨੀਆਂ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਕੌਮੀ ਪ੍ਰਧਾਨ ਗੁਰਦੀਪ ਸਿੰਘ ਮਦਨ ,ਸਮੁੱਚੀ ਟੀਮ ਅਤੇ ਜਗਦੇਵ ਸਿੰਘ ਸੇਖੋਂ ਵੱਲੋਂ ਕਲੌਨੀ ਨਿਵਾਸੀਆਂ ਨੂੰ ਭਾਂਡਿਆਂ ਦੀ ਬੇਲ ਦਿੱਤੀ ਅਤੇ ਮਦਨ ਨੇ ਕਲੌਨੀ ਨਿਵਾਸੀਆਂ ਨੂੰ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਹੋਰ ਵੀ ਲੋੜਵੰਦ ਸਮਾਨ ਦੇਣ ਦੀ ਗੱਲ ਆਖੀ ਅਤੇ ਜਗਦੇਵ ਸਿੰਘ ਸੇਖੋਂ ਨੇ ਕਿਹਾ ਜਲਦ ਹੀ ਸਪੋਰਟਸ ਵਿੰਗ ਦੀ ਟੀਮ ਤਿਆਰ ਕਰਕੇ ਮਨੁੱਖੀ ਅਧਿਕਾਰ ਸੋਸ਼ਲ ਵੈਲਫੇਅਰ ਦੀ ਟੀਮ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਕਲੌਨੀ ਨਿਵਾਸੀਆਂ ਨੇ ਆਈ ਹੋਈ ਟੀਮ ਦਾ ਧੰਨਵਾਦ ਕੀਤਾ ਜਿਸ ਵਿੱਚ ਪੰਜਾਬ ਪ੍ਰਧਾਨ ਸਤਵਿੰਦਰ ਸਿੰਘ ਹੈਪੀ, ਸੀਨੀਅਰ ਮੀਤ ਪ੍ਰਧਾਨ ਆਰ ਟੀ ਆਈ ਵਿੰਗ ਪੰਜਾਬ ਧਰਮ ਸਿੰਘ ਸੰਦੀਪ, ਸੀਨੀਅਰ ਮੀਤ ਪ੍ਰਧਾਨ ਐਂਟੀ ਕ੍ਰਾਈਮ ਵਿੰਗ ਪੰਜਾਬ ਰਣਜੀਤ ਸਿੰਘ ਢਿਲਵਾਂ,ਖੇਤੀਬਾੜੀ ਵਿਭਾਗ ਦੀ ਉੱਚ ਪੱਧਰੀ ਟੀਮ ਵੱਲੋਂ ਫਰੀਦਕੋਟ ਅਤੇ ਕੋਟਕਪੂਰਾ ਦੇ ਖਾਦ ਵਿਕਰੇਤਾਵਾਂ ਅਤੇ ਸਹਿਕਾਰੀ ਸਭਾਵਾਂ ਦੀ ਕੀਤੀ ਚੈਕਿੰਗ

# ਖੇਤੀਬਾੜੀ ਵਿਭਾਗ ਦੀ ਉੱਚ ਪੱਧਰੀ ਟੀਮ ਵੱਲੋਂ ਫਰੀਦਕੋਟ ਅਤੇ ਕੋਟਕਪੂਰਾ ਦੇ ਖਾਦ ਵਿਕਰੇਤਾਵਾਂ ਅਤੇ ਸਹਿਕਾਰੀ ਸਭਾਵਾਂ ਦੀ ਕੀਤੀ ਚੈਕਿੰਗ

ਪੰਜਾਬ ਦਾ ਖੁਲਾਸਾ

**ਸਾਦਿਕ 24 ਨਵੰਬਰ (ਰਘਬੀਰ ਸਾਦਿਕ)** ਖ਼ੇਤੀਬਾੜੀ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਦੇ ਆਦੇਸ਼ਾਂ ਤੇ ਡਾਇਰੈਕਟਰ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਡਾਕਟਰ ਜਸਵੰਤ ਸਿੰਘ ਵਲੋਂ ਭੇਜੀ ਰਾਜ ਪੱਧਰੀ ਟੀਮ ਵੱਲੋਂ ਫ਼ਰੀਦਕੋਟ ਅਤੇ ਕੋਟਕਪੁਰਾ ਵਿਚ ਖਾਦ ਅਤੇ ਕੀਟਨਾਸ਼ਕ ਵਿਕਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ ਗੋਦਾਮਾਂ ਅਤੇ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਟੀਮ ਵਿਚ ਡਾ. ਗੁਰਦੀਪ ਸਿੰਘ ਡਿਪਟੀ ਡਾਇਰੈਕਟਰ ( ਖੇਤੀਬਾੜੀ),ਡਾਕਟਰ ਗਿਰੀਸ਼ ਕੁਮਾਰ ਫ਼ਸਲ ਵਿਗਿਆਨੀ,ਡਾ. ਰਮਨਦੀਪ ਸਿੰਘ,ਡਾ.ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਸਮੇਤ ਹੋਰ ਅਧਿਕਾਰੀ ਸ਼ਾਮਿਲ ਸਨ ।

ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ.ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਖਾਦਾਂ ਦੀ ਸੈਂਪਲਿੰਗ ,ਕਾਲਾਬਜ਼ਾਰੀ ਅਤੇ ਜਮਾਂਖੋਰੀ ਰੋਕਣ ਲਈ ਦੁਕਾਨਾਂ ਅਤੇ ਗੋਦਾਮਾਂ ਦੀ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ।ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਉੱਚ ਪੱਧਰੀ ਟੀਮ ਵੱਲੋਂ ਬਲਾਕ ਫ਼ਰੀਦਕੋਟ ਅਤੇ ਕੋਟਕਪੂਰਾ ਵਿੱਚ ਕੀਤੀ ਚੈਕਿੰਗ ਦੌਰਾਨ 8 ਖਾਦਾਂ ਅਤੇ ਦੋ ਕੀਟਨਾਸ਼ਕਾਂ ਦੇ ਨਮੂਨੇ ਭਰ ਕੇ ਪ੍ਰੀਖਣ ਲਈ ਪ੍ਰਯੋਗਸ਼ਲਾਵਾਂ ਵਿਚ ਭੇਜ ਦਿੱਤੇ ਹਨ। ਉਨਾਂ ਦੱਸਿਆ ਕਿ ਚਾਲੂ ਸਾਲ ਦੌਰਾਨ ਹੁਣ ਤਕ 60 ਖਾਦਾਂ ਅਤੇ 56 ਕੀਟ ਨਾਸ਼ਕਾਂ ਦੇ ਸੈਂਪਲ ਭਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 2 ਖਾਦਾਂ ਅਤੇ 2 ਕੀਟਨਾਸ਼ਕਾਂ ਦੇ ਸੈਂਪਲ ਘੱਟ ਮਿਆਰ ਦੇ ਪਾਏ ਗਏ ਹਨ, ਜਿਨ੍ਹਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਉਨਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਰੋਜ਼ਾਨਾ ਦੁਕਾਨ ਤੇ ਖਾਦ ਦਾ ਸਟਾਕ ਬੋਰਡ ਵਿਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ। ਉਨਾਂ ਦੱਸਿਆ ਕਿ ਕਣਕ ਦੀ ਕਾਸਤ ਤਕਰੀਬਨ 85 ਫੀਸਦੀ ਰਕਬੇ ਵਿੱਚ ਹੋ ਚੁੱਕੀ ਹੈ ਅਤੇ ਡੀ ਏ ਪੀ ਖਾਦ ਦਾ ਇੱਕ ਰੈਕ ਕੱਲ ਨੂੰ ਕੋਟਕਪੂਰਾ ਆ ਰਿਹਾ ਹੈ। ਜਿਸ ਨਾਲ ਬਾਕੀ ਰਹਿੰਦੀ ਕਣਕ ਦੀ ਬਿਜਾਈ ਮੁਕੰਮਲ ਹੋ ਜਾਵੇਗੀ।ਉਨਾਂ ਦੱਸਿਆ ਕਿ ਕਣਕ ਦੀ ਫ਼ਸਲ ਲਈ ਫਾਸਫੋਰਸ ਖੁਰਾਕੀ ਤੱਤ ਦੀ ਜ਼ਰੂਰਤ ਹੁੰਦੀ ਹੈ, ਜਿਸ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਡੀ ਏ ਪੀ ਖਾਦ ਦੀ ਬਿਜਾਈ ਸਮੇਂ ਵਰਤੋਂ ਕੀਤੀ ਜਾਂਦੀ ਹੈ।ਉਨਾਂ ਦੱਸਿਆ ਕਿ ਡੀ ਏ ਪੀ ਖਾਦ ਦੇ ਬਦਲ ਵੱਜੋਂ ਕਿਸਾਨ ਖਾਦ ਅਤੇ




ਟ੍ਰਿਪਲ ਸੁਪਰ ਫਾਸਫੇਟ ਖਾਦ ,ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਟ੍ਰਿਪਲ ਸੁਪਰ ਫਾਸਫੇਟ ਵਿੱਚ ਡੀ ਏ ਪੀ ਵਾਂਗੂ 46% ਫਾਸਫੋਰਸ ਤੱਤ ਹੁੰਦਾ ਹੈ ਅਤੇ ਇਸ ਦੀ ਕੀਮਤ ਪ੍ਰਤੀ ਬੋਰੀ 1250/-ਰੁਪਏ ਹੈ , ਜਦ ਕਿ ਡੀ ਏ ਪੀ ਦੀ ਕੀਮਤ ਪ੍ਰਤੀ ਬੈਗ 1350/- ਰੁਪਏ ਹੈ।ਉਨਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵੱਜੋਂ ਕੀਤੀ ਜਾ ਸਕਦੀ ਹੈ ।

ਉਨਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਾਲੋ ਨਾਲ ਨਿਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ । ਉਨਾਂ ਸਮੂਹ ਡੀਲਰਾਂ ਅਤੇ ਸਕੱਤਰ ਸਹਿਕਾਰੀ ਸਭਾਵਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੋਸ ਮਸ਼ੀਨਾਂ ਵਿਚੋਂ ਰੋਜਾਨਾ ਕਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿਚ ਕੋਈ ਵਿਗਨ ਨਾ ਪਵੇ ।ਉਨਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ ।

ਉਨਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ,ਕੀਟਨਾਸ਼ਕ ਰਸਾਇਣ ਜਾਂ ਬੀਜ ਖ੍ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ, ਤਾਂ ਉਸ ਦੀ ਲਿਖਤੀ ਤੌਰ ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਸਿਵਲ ਹਸਪਤਾਲ 'ਚ ਮਰੀਜ਼ਾਂ ਨੂੰ ਵੰਡੇ ਦੁੱਧ, ਬਰੈੱਡ, ਬਿਸਕੁਟ

## ਡਿਸਟ੍ਰਿਕਟ ਚੇਅਰਮੈਨ ਲਾਇਨ ਗੁਰਦੀਪ ਸਿੰਘ ਕੰਗ ਨੇ ਕੀਤੀ ਸ਼ੁਰੂਆਤ

## ਕਿਹਾ: ਕਲੱਬ ਨੇ ਥੋੜ੍ਹੇ ਸਮੇਂ 'ਚ ਹੀ ਬਣਾਈ ਵੱਖਰੀ ਪਛਾਣ

ਪੰਜਾਬ ਦਾ ਖੁਲਾਸਾ

**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ )** ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਨਵਗਠਿਤ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਵਲੋਂ ਕਲੱਬ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ ਐਮ.ਜੇ.ਐਫ. ਐਮ.ਜੇ.ਐਫ. ਦੀ ਅਗਵਾਈ ਹੇਠ ਸਮਾਜ ਸੇਵਾ ਦੇ ਪ੍ਰੋਜੈਕਟਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਸਿਵਲ ਹਸਪਤਾਲ ਫਗਵਾੜਾ ਵਿਖੇ ਇਲਾਜ ਅਧੀਨ ਮਰੀਜ਼ਾਂ ਨੂੰ ਦੁੱਧ, ਬਰੈੱਡ ਅਤੇ ਬਿਸਕੁਟ ਵੰਡੇ ਗਏ। ਜਿਸ ਦੀ ਸ਼ੁਰੂਆਤ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਵਲੋਂ ਕਰਵਾਈ ਗਈ। ਉਨ੍ਹਾਂ ਨੇ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਆਦਾਤਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਲੋਕ ਹੀ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖਲ ਹੁੰਦੇ ਹਨ। ਅਜਿਹੇ ਨੇਕ ਕਾਰਜ ਉਨ੍ਹਾਂ ਲਈ ਬਹੁਤ ਲਾਭਦਾਇਕ ਬਣਦੇ ਹਨ। ਉਨ੍ਹਾਂ ਕਿਹਾ ਕਿ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਨੇ ਚਾਰਟਰ




ਪ੍ਰਧਾਨ ਲਾਇਨ ਸੰਜੀਵ ਸੂਰੀ ਦੀ ਅਗਵਾਈ ਹੇਠ ਬਹੁਤ ਹੀ ਘੱਟ ਸਮੇਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ। ਇਹ ਕਲੱਬ ਬਹੁਤ ਜਲਦੀ ਡਿਸਟ੍ਰਿਕਟ 321-ਡੀ ਦੀ ਮੋਹਰੀ ਅਤੇ ਸੌ ਫੀਸਦੀ ਸਰਗਰਮ ਸਟਾਰ ਕਲੱਬ ਦਾ ਦਰਜਾ ਹਾਸਲ ਕਰੇਗੀ। ਲਾਇਨ ਸੰਜੀਵ ਸੂਰੀ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਤਜਿੰਦਰ ਸਿੰਘ ਪਲਾਹਾ ਸਨ। ਕਲੱਬ ਦੀ ਸਮੁੱਚੀ ਟੀਮ ਅਤੇ ਮੈਂਬਰ ਸਮਾਜ ਸੇਵੀ ਕਾਰਜਾਂ ਵਿੱਚ ਪੂਰਾ ਸਹਿਯੋਗ ਦੇ ਰਹੇ ਹਨ। ਕਲੱਬ ਵਲੋਂ ਅਗਲੇ ਮਹੀਨੇ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਬਹੁਤ ਸਾਰੇ ਪ੍ਰੋਜੈਕਟਾਂ ਦੀ ਤਿਆਰੀ ਕੀਤੀ ਜਾ ਰਹੀ ਹੈ। ਪ੍ਰੋਜੈਕਟਾਂ ਨੂੰ ਅੰਤਿਮ ਰੂਪ ਦੇਣ ਲਈ ਜਲਦੀ ਹੀ ਟੀਮ ਅਤੇ ਕਲੱਬ ਦੇ ਸਮੂਹ ਮੈਂਬਰਾਂ ਨਾਲ ਮੀਟਿੰਗ ਕੀਤੀ ਜਾਵੇਗੀ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ, ਲਾਇਨ ਸੁਮਿਤ ਭੰਡਾਰੀ, ਲਾਇਨ ਅਖਿਲ ਵਰਮਾ, ਲਾਇਨ ਅਵਤਾਰ ਸਿੰਘ ਕੁੰਦੀ, ਲਾਇਨ ਵਿੱਕੀ ਚੁੰਬਰ ਆਦਿ ਹਾਜ਼ਰ ਸਨ।



# ਪੰਜਾਬੀ ਲੇਖਕ ਮੰਚ ਰਜਿ ਫਰੀਦਕੋਟ ਵੱਲੋਂ ਸਲਾਨਾਂ ਸਮਾਗਮ 15 ਦਸੰਬਰ ਨੂੰ

ਪੰਜਾਬ ਦਾ ਖੁਲਾਸਾ

**ਸਾਦਿਕ 24 ਨਵੰਬਰ (ਰਘਬੀਰ ਸਾਦਿਕ)** ਪੰਜਾਬੀ ਲੇਖਕ ਮੰਚ ਰਜਿ ਫਰੀਦਕੋਟ ਦੀ ਇੱਕ ਵਿਸ਼ੇਸ਼ ਮੀਟਿੰਗ ਸ਼ਹੀਦ ਭਗਤ ਸਿੰਘ ਪਾਰਕ ਫਰੀਦਕੋਟ ਵਿੱਚ ਸ ਜਸਵੰਤ ਸਿੰਘ ਕੁੱਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਮਨਜਿੰਦਰ ਗੋਲ੍ਹੀ, ਜੰਗੀਰ ਸਿੰਘ ਸੱਧਰ, ਜੀਤ ਕੰਮੇਆਣਾ,ਬਿੱਕਰ ਵਿਯੋਗੀ,ਜੈ ਪਾਲ ਸਿੰਘ ਬਰਾੜ, ਬਲਵਿੰਦਰ ਸਿੰਘ ਫਿੱਡੇ,ਧਰਮ ਪ੍ਰਵਾਨਾਂ,ਜੇ ਪੀ ਸਿੰਘ, ਲੱਕੀ ਕੰਮੇਆਣਾ, ਵਤਨਵੀਰ ਜ਼ਖ਼ਮੀ,ਡਾ ਮੁਕੰਦ ਸਿੰਘ ਵੜਿੰਗ, ਪੰਜਾਬੀ ਫਿਲਮ ਐਕਟਰ, ਗੁਰਪ੍ਰੀਤ ਸਿੰਘ ਆਦਿ ਲੇਖਕਾਂ ਨੇ ਭਾਗ ਲਿਆ । ਇਸ ਸਮੇਂ ਪੰਜਾਬੀ ਲੇਖਕ ਮੰਚ ਰਜਿ. ਫਰੀਦਕੋਟ ਵੱਲੋਂ 15 ਦਸੰਬਰ ਨੂੰ ਕੰਨਿਆਂ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਕਰਵਾਏ ਜਾ ਰਹੇ ਸਲਾਨਾਂ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ । ਇਸ ਸਮੇਂ ਬਿਸਮਿਲ ਫਰੀਦਕੋਟੀ ਐਵਾਰਡ 2024 ਪ੍ਰਸਿੱਧ ਸਾਹਿਤਕਾਰ ਹਰਮਿੰਦਰ ਸਿੰਘ ਕੋਹਾਰ ਵਾਲਾ ਨੂੰ , ਕਵੀਸ਼ਰ ਸਵ. ਅਮਰ ਸਿੰਘ ਰਾਜੇਆਣਾ ਪੁਰਸਕਾਰ 2024 ਪ੍ਰਸਿੱਧ ਕਵੀਸ਼ਰ ਸ ਹਰਵਿੰਦਰ ਸਿੰਘ ਰੋਡੇ ਨੂੰ ਅਤੇ ਸਵ. ਗਾਇਕ ਮੇਜ਼ਰ ਮਹਿਰਮ ਐਵਾਰਡ 2024 ਪ੍ਰਸਿੱਧ ਲੋਕ ਗਾਇਕ ਪਾਲ ਰਸੀਲਾ ਨੂੰ ਦਿੱਤਾ ਜਾਵੇਗਾ।

# ਮਹਾਰਾਸ਼ਟਰ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਐਡਵੋਕੇਟ ਦੇਸਰਾਜ ਕੰਬੋਜ ਦੀ ਅਗਵਾਈ ਹੇਠ ਮਨਾਇਆ ਜਸ਼ਨ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 24 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਇਤਿਹਾਸਕ ਜਿੱਤ ਅਤੇ 13 ਰਾਜਾਂ ਦੀਆਂ 46 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਵਿੱਚ



ਨਗਰ ਕੌਂਸਲ ਅਬੋਹਰ ਦੇ ਸਾਬਕਾ ਕਾਨੂੰਨੀ ਸਲਾਹਕਾਰ ਐਡਵੋਕੇਟ ਦੇਸਰਾਜ ਕੰਬੋਜ ਦੀ ਅਗਵਾਈ ਹੇਠ ਭਾਜਪਾ ਆਗੂਆਂ ਤੇ ਵਰਕਰਾਂ ਨੇ ਜਸ਼ਨ ਵਿੱਚ ਪਟੇਲ ਪਾਰਕ ਅਬੋਹਰ ਵਿਖੇ ਲੱਡੂ ਵੰਡੇ। ਇਸ ਸਮਾਗਮ ਵਿੱਚ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਐਡਵੋਕੇਟ ਦੇਸਰਾਜ ਕੰਬੋਜ ਨੇ ਕਿਹਾ ਕਿ ਭਾਜਪਾ ਨੇ ਮਹਾਰਾਸ਼ਟਰ ਵਿੱਚ ਲਗਭਗ 89 ਫੀਸਦੀ ਸਟ੍ਰਾਈਕ ਰੇਟ ਨਾਲ ਸਭ ਤੋਂ ਵੱਧ ਸੀਟਾਂ ਜਿੱਤ ਕੇ ਰਿਕਾਰਡ ਬਣਾਇਆ ਹੈ। ਕੰਬੋਜ ਨੇ ਕਿਹਾ ਕਿ ਹੁਣ ਭਾਜਪਾ ਆਪਣੇ ਤੌਰ 'ਤੇ ਵਕਫ ਬੋਰਡ ਬਿੱਲ, ਸਮਾਨ ਨਗਰਿਕ ਸੰਹਿਤਾ ਆਦਿ 'ਤੇ ਵੀ ਕੋਈ ਸੰਕੋਚ ਨਹੀਂ ਕਰੇਗੀ। ਸਮਾਜ ਸੇਵੀ ਸਤਪਾਲ ਗਿਲਹੋਤਰਾ ਅਤੇ ਮਾ. ਨਰਿੰਦਰ ਬਹਿਲ ਨੇ ਕਿਹਾ ਕਿ ਲੋਕਾਂ ਨੇ ਲਾਡਲੀ ਬਹਿਨ ਯੋਜਨਾ ਅਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਦੇ ਵਾਅਦਿਆਂ 'ਤੇ ਵਿਸ਼ਵਾਸ ਕਰਕੇ ਸਰਕਾਰ ਨੂੰ ਸਭ ਤੋਂ ਵੱਡੀ ਜਿੱਤ ਦਿੱਤੀ ਹੈ।

# ਗੁਰੂ ਰਵੀਦਾਸ ਸਕੂਲ, ਰਾਮੇਆਣਾ ਦਾ ਸਾਲਾਨਾ ਸਮਾਗਮ ਅਮਿੱਟ ਛਾਪ ਛੱਡ ਗਿਆ

✦ ਪੰਜਾਬ ਦਾ ਖੁਲਾਸਾ




**ਰਾਮੇਆਣਾ :- 24 ਨਵੰਬਰ ( ਮਾਸਟਰ ਸਰਬਜੀਤ ਸਿੰਘ ਮਲਹੋਤਰਾ)** ਗੁਰੂ ਰਵੀਦਾਸ ਪਬਲਿਕ ਸਕੂਲ, ਰਾਮੇਆਣਾ (ਜੈਤੋ ) ਦਾ ਸਾਲਾਨਾ ਫੰਕਸ਼ਨ ਸ਼ਾਨੋ - ਸ਼ੌਕਤ ਨਾਲ ਕਰਵਾਇਆ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸ. ਗੁਰਮੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਨਵਿੰਦਰ ਕੌਰ ਨੇ ਸ਼ਮ੍ਹਾ ਰੌਸ਼ਨ ਕਰਦਿਆਂ ਸਮਾਗਮ ਦਾ ਆਗਾਜ਼ ਕੀਤਾ। ਇਸ ਸਮੇਂ ਉਹਨਾਂ ਨਾਲ ਵਾਈਸ ਪ੍ਰਿੰਸੀਪਲ ਸ. ਸੁਰਿੰਦਰ ਸਿੰਘ , ਕੋਆਰਡੀਨੇਟਰ ਮੈਡਮ ਰਾਜਵੀਰ ਕੌਰ , ਕੁਲਵਿੰਦਰ ਸਿੰਘ ਤੇ ਅਜੇਪਾਲ ਸਿੰਘ ਮੰਚ ਤੇ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਦੁਆਰਾ ਸ਼ਬਦ - ਗਾਇਨ ਦੁਆਰਾ ਹੋਈ। ਇਸ ਮਗਰੋਂ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਦਿਆਂ ਆਪਣੀ ਪ੍ਰਤਿਭਾ ਰਾਹੀਂ ਡਾਂਸ,ਕੋਰੀਓਗ੍ਰਾਫੀ, ਨਾਟਕ, ਗੀਤ, ਗਤਕਾ, ਗਿੱਧਾ ਅਤੇ ਭੰਗੜੇ ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਸਮੂਹ ਬੱਚਿਆਂ ਨੂੰ ਉਹਨਾਂ ਦੇ ਅਧਿਆਪਕਾਂ ਦੁਆਰਾ ਬਹੁਤ ਹੀ ਵਧੀਆ ਤਿਆਰੀ ਕਰਵਾਈ ਗਈ ਸੀ। ਛੋਟੇ - ਛੋਟੇ ਬੱਚਿਆਂ ਦੁਆਰਾ ਕੀਤੀ ਗਈ ਬੇਬੀ ਆਈਟਮ ਵੀ ਰੂਹ ਨੂੰ ਸਕੂਨ ਦੇਣ ਵਾਲੀ ਸੀ। ਬੱਚਿਆਂ ਦੁਆਰਾ ਕੀਤੀ ਗਈ ਪੇਸ਼ਕਾਰੀ 'ਗਿੱਧਾ ' ਮਨ ਮੋਹ ਲੈਣ ਵਾਲੀ ਸੀ। ਪੇਸ਼ਕਾਰੀ ਦੇਣ ਵਾਲੇ ਸਾਰੇ ਬੱਚਿਆਂ ਨੇ ਸਮਾਜ ਵਿੱਚ ਫੈਲੀਆਂ ਦੁਸ਼ਵਾਰੀਆਂ ਜਿਵੇਂ ਨਸ਼ੇ, ਘਰੇਲੂ ਕਲੇਸ਼, ਔਰਤ ਦੀ ਹਾਲਤ, ਮਾੜੀ ਸਿੱਖਿਆ ਪ੍ਰਣਾਲੀ ਤੇ ਨਿੱਘਰਦਾ ਕਿਸਾਨ ਨੂੰ ਵਿਸ਼ਾ ਬਣਾ ਕੇ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕੀਤੀ।ਸਾਰੇ ਪ੍ਰੋਗਰਾਮ ਦਾ ਸੰਚਾਲਨ ਸਕੂਲ ਦੇ ਹੋਣਹਾਰ ਅਧਿਆਪਕ ਸ. ਗੁਰਸੇਵਕ ਸਿੰਘ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸਕੂਲ ਦੇ ਸਾਰੇ ਸਟਾਫ ਨੇ ਆਪਣੀ ਜ਼ਿੰਮੇਵਾਰੀ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਈ। ਇਸ ਸਮਾਗਮ ਵਿੱਚ ਪਤਵੰਤੇ ਸੱਜਣਾਂ ਨਾਲ਼ ਸ. ਜਸਕੌਰ ਸਿੰਘ ਗਿੱਲ ਨੇ ਵੀ ਹਾਜ਼ਰੀ ਭਰੀ। ਇਸ ਸਮੇਂ ਸਕੂਲ ਦੇ ਚੇਅਰਮੈਨ, ਵਾਈਸ ਪ੍ਰਿੰਸੀਪਲ , ਕੋਆਰਡੀਨੇਟਰ ਮੈਡਮ ਰਾਜਵੀਰ ਕੌਰ ਨੇ ਬੱਚਿਆਂ ਤੇ ਉਹਨਾਂ ਦੇ ਮਾਪਿਆਂ ਨੂੰ ਸੰਬੋਧਨ ਕੀਤਾ ਤੇ ਬੱਚਿਆਂ ਨੂੰ ਕਿਸੇ ਵੀ ਖੇਤਰ ਵਿੱਚ ਮਨ ਲਾ ਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਨਵਿੰਦਰ ਕੌਰ ਨੇ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਸਾਡਾ ਸਕੂਲ ਪੜ੍ਹਾਈ ਦੇ ਨਾਲ ਨਾਲ ਖੇਡਾਂ ਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਵੀ ਮੋਹਰੀ ਰੋਲ ਨਿਭਾਉਂਦਾ ਆ ਰਿਹਾ ਹੈ। ਇਸ ਸਕੂਲ ਦੇ ਬੱਚੇ ਸਭਿਆਚਾਰਕ ਤੇ ਖੇਡਾਂ ਵਿੱਚ ਭਾਗ ਲੈ ਕੇ ਸਟੇਟ ਪੱਧਰ ਤਕ ਨਾਮਣਾ ਖੱਟ ਚੁੱਕੇ ਹਨ। ਇਸ ਸਕੂਲ ਤੋਂ ਪਾਸ ਹੋਏ ਪੁਰਾਣੇ ਵਿਦਿਆਰਥੀ ਨੌਕਰੀ ਲਈ ਲੋੜੀਂਦੇ ਕੰਪੀਟੀਸ਼ਨ ਇਮਤਿਹਾਨ ਪਾਸ ਕਰਕੇ ਉੱਚੇ ਅਹੁਦਿਆਂ ਤੇ ਜਾ ਚੁੱਕੇ ਹਨ।ਸਕੂਲ ਦੀਆਂ ਸਾਰੀਆਂ ਜਮਾਤਾਂ ਦਾ ਨਤੀਜਾ ਹਰ ਸਾਲ 100% ਆਉਂਦਾ ਹੈ। ਸਕੂਲ ਵਿੱਚ ਬੱਚਿਆਂ ਲਈ ਹਰ ਤਰ੍ਹਾਂ ਦੀ ਸਹੂਲਤ ਮੌਜੂਦ ਹੈ। ਇਸ ਮੌਕੇ ਬੱਚਿਆਂ ਦੀ ਕਾਰਗੁਜ਼ਾਰੀ ਅਨੁਸਾਰ ਸਕੂਲ ਮੈਨੇਜਮੈਂਟ ਤੇ ਸਕੂਲ ਪ੍ਰਿੰਸੀਪਲ ਦੁਆਰਾ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਕੁੱਝ ਬੱਚਿਆਂ ਦੇ ਮਾਪਿਆਂ ਨੂੰ ਵੀ ਬੱਚਿਆਂ ਨੂੰ ਸਹੀ ਸੇਧ ਦੇਣ ਲਈ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੱਚਿਆਂ ਤੇ ਮਾਪਿਆਂ ਲਈ ਰਿਫਰੈਸ਼ਮੈਂਟ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਬੱਚਿਆਂ ਦੇ ਮਾਪੇ ਇਸ ਸਮੇਂ ਭਾਰੀ ਗਿਣਤੀ ਵਿੱਚ ਹਾਜ਼ਰ ਸਨ। ਕੁੱਲ ਮਿਲਾ ਕੇ ਇਹ ਸਾਲਾਨਾ ਸਭਿਆਚਾਰਿਕ ਫੰਕਸ਼ਨ ਯਾਦਗਾਰੀ ਹੋ ਨਿੱਬੜਿਆ।

# ਵਿਧਾਇਕ ਅਮੋਲਕ ਸਿੰਘ ਦੀ ਸਖਤ ਮਿਹਨਤ ਸਦਕਾ ਗਿੱਦੜਬਾਹਾ ਸੀਟ ਆਪ ਦੇ ਹਿੱਸੇ ਆਈ : ਸਰਪੰਚ ਕਿੰਦਾ ਢਿੱਲੋਂ

✦ ਪੰਜਾਬ ਦਾ ਖੁਲਾਸਾ

**ਕੋਟਕਪੂਰਾ, 24 ਨਵੰਬਰ (ਗੁਰਦੀਪ ਸਿੰਘ ਢਿੱਲੋਂ) :-** ਬੀਤੇ ਦਿਨੀਂ ਪੰਜਾਬ ਅੰਦਰ ਹੋਈਆਂ ਚਾਰ ਜਿਮਨੀ ਵਿਧਾਨ ਸਭਾ ਚੋਣਾਂ ਵਿੱਚ ਤਿੰਨ ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਭਾਰੀ ਬਹੁਮਤ ਨਾਲ ਜਿੱਤ ਹੋਈ ਹੈ, ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਲੋਕ ਅੱਜ ਵੀ ਆਮ ਆਦਮੀ ਪਾਰਟੀ ਦੇ ਨਾਲ ਡੱਟ ਕੇ ਖੜੇ ਹਨ। ਜੇਕਰ ਗੱਲ ਕਰੀਏ ਪੰਜਾਬ ਦੀ ਜਿਮਨੀ ਚੋਣਾਂ ਵਿੱਚ ਸਭ ਤੋਂ ਹੋਟ ਰਹੀ ਗਿੱਦੜਬਾਹਾ ਦੀ ਸੀਟ ਜਿੱਥੋਂ ਕਿ 'ਆਪ' ਵੱਲੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਅਤੇ ਕਾਂਗਰਸ ਅੰਮ੍ਰਿਤਾ ਵੜਿੰਗ ਚੋਣ ਮੈਦਾਨ ਵਿੱਚ ਸਨ ? ਵਿਧਾਨ ਸਭਾ ਹਲਕਾ ਜੈਤੋ ਤੋਂ ਵਿਧਾਇਕ ਅਮੋਲਕ ਸਿੰਘ ਅਤੇ ਐਡਵੋਕੇਟ ਹਰਸਿਮਰਨ ਸਿੰਘ ਮਲਹੋਤਰਾ ਜਿਲਾ ਪ੍ਰਧਾਨ ਟਰੱਕ ਯੂਨੀਅਨ ਫਰੀਦਕੋਟ ਵੱਲੋਂ ਸ਼ੁਰੂ ਤੋਂ ਹੀ ਆਪਣੀ ਟੀਮ ਨਾਲ ਗਿੱਦੜਬਾਹੇ ਇਲਾਕੇ ਵਿੱਚ ਚੋਣ ਪ੍ਰਚਾਰ ਜਾਰੀ ਰੱਖਿਆ ਅਤੇ ਸਖਤ ਮਿਹਨਤ ਕੀਤੀ, ਜਿਸ ਦੇ ਚੱਲਦਿਆਂ ਗਿੱਦੜਬਾਹਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੱਡੇ ਫਰਕ ਨਾਲ ਜਿੱਤ ਹਾਸਲ ਕੀਤੀ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਜੈਤੋ ਅਧੀਨ ਆਉਂਦੇ ਕੋਠੇ ਰਾਮਸਰ ਦੇ ਸਰਪੰਚ ਤਰਵਿੰਦਰ ਸਿੰਘ ਕਿੰਦਾ ਢਿੱਲੋਂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਹਲਕਾ ਜੈਤੋ ਨੇ ਕਿਹਾ ਕਿ ਹਲਕਾ ਵਿਧਾਇਕ ਅਮੋਲਕ ਸਿੰਘ ਜੈਤੋ ਨੇ ਆਪਣੀ ਟੀਮ ਸਮੇਤ ਗਿੱਦੜਬਾਹਾ ਇਲਾਕੇ ਵਿੱਚ ਜਾ ਕੇ ਚੋਣ ਮੀਟਿੰਗਾਂ ਅਤੇ ਵੋਟਰਾਂ ਨਾਲ ਰਾਬਤਾ ਕਾਇਮ ਕਰਕੇ ਚੋਣ ਪ੍ਰਚਾਰ ਕੀਤਾ ਅਤੇ ਡਿੰਪੀ ਢਿੱਲੋਂ ਦੀ ਜਿੱਤ ਵਿੱਚ ਇੱਕ ਵੱਡਾ ਯੋਗਦਾਨ ਪਾਇਆ ਹੈ ? ਤਰਵਿੰਦਰ ਸਿੰਘ ਕਿੰਦਾ ਢਿੱਲੋਂ ਨੇ ਕਿਹਾ ਕਿ ਲੋਕਾਂ ਨੇ ਜਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀਆਂ ਤਿੰਨ ਸੀਟਾਂ ਜਿਤਾ ਕੇ ਆਪਣਾ ਵਿਸ਼ਵਾਸ ਕਾਇਮ ਰੱਖਿਆ ਹੈ। ਤਰਵਿੰਦਰ ਸਿੰਘ ਕਿੰਦਾ ਢਿੱਲੋਂ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸਮੇਤ ਉਹਨਾਂ ਦੀ ਸਮੁੱਚੀ ਟੀਮ ਨੂੰ ਵਧਾਈ ਵੀ ਦਿੱਤੀ ?





# ਸਰਕਾਰ ਵਲੋ ਕਿਸਾਨਾ ਤੇ ਲਾਠੀਚਾਰਜ ਕਰਨਾ ਪੂਰੀ ਤਰ੍ਹਾਂ ਗੈਰ ਕਾਨੂੰਨੀ,ਗੈਰ ਜਮਹੂਰੀ ਅਤੇ ਗੈਰ ਵਾਜਬ ਹੈ : ਬੇਗਮਪੁਰਾ ਟਾਇਗਰ ਫੋਰਸ

**ਸਰਕਾਰ ਨੂੰ ਐਨੀ ਵੱਡੀ ਤਾਕਤ ਵਰਤਣ ਦੀ ਬਜਾਏ ਕਿਸਾਨਾ ਦੀਆਂ ਸ਼ਿਕਾਇਤਾਂ ਨੂੰ ਧੀਰਜ ਨਾਲ ਸੁਣਨਾ ਚਾਹੀਦਾ ਸੀ : ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ**

✦ ਪੰਜਾਬ ਦਾ ਖੁਲਾਸਾ

**ਹੁਸ਼ਿਆਰਪੁਰ 24 ਨਵੰਬਰ ( ਤਰਸੇਮ ਦੀਵਾਨਾ )** ਬਠਿੰਡਾ ਜ਼ਿਲ੍ਹੇ ਵਿੱਚ ਦੀ ਗੁਜਰਨ ਵਾਲੇ ਭਾਰਤਮਾਲਾ ਸੜਕ ਮਾਰਗ ਲਈ ਕਬਜ਼ੇ ਚ ਕੀਤੀ ਤਿੰਨ ਪਿੰਡਾਂ ਦੀ ਜਮੀਨ ਤੇ ਕਬਜ਼ਾ ਕਰਨ ਲਈ ਅੱਗੇ ਵੱਧ ਰਹੇ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਵਲੋਂ ਲਾਠੀ ਚਾਰਜ ਕਰਨਾ ਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਬਹੁਤ ਹੀ ਨਿੰਦਣਯੋਗ ਗੱਲ ਹੈ ! ਇਹਨਾ ਗੱਲਾ ਦਾ ਪ੍ਰਗਟਾਵਾ ਬੇਗਮਪੁਰਾ ਟਾਇਗਰ ਫੋਰਸ ਦੇ ਧਾਕੜ ਤੇ ਜ਼ਾਬਾਜ 2009 ਤੋ ਹੀ ਫੋਰਸ ਵਿੱਚ ਕੰਮ ਕਰਕੇ ਲੋਕਾ ਨੂੰ ਵਧੀਆ ਸੇਵਾਵਾ ਦੇਣ ਵਾਲੇ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਕੁਝ ਚੌਣਵੇ ਪੱਤਰਕਾਰਾ ਨਾਲ ਕੀਤਾ ਉਹਨਾਂ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਗੈਰ ਕਾਨੂੰਨੀ ਗੈਰ ਜਮਹੂਰੀ ਅਤੇ ਗੈਰ ਵਾਜਬ ਹੈ ਉਹਨਾਂ ਕਿਹਾ ਕਿ ਕਿਸਾਨ ਆਪਣੀ ਜਮੀਨ ਦਾ ਢੁਕਵਾ ਮੁਆਵਜ਼ਾ ਮੰਗਣ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਨ ਸਰਕਾਰ ਨੂੰ ਅਜਿਹੀ ਭਾਰੀ ਤਾਕਤ ਵਰਤਣ ਦੀ ਬਜਾਏ ਉਹਨਾਂ ਦੀਆਂ ਸ਼ਿਕਾਇਤਾਂ ਨੂੰ ਧੀਰਜ ਨਾਲ ਸੁਣਨਾ ਚਾਹੀਦਾ ਸੀ ਅਤੇ ਉਹਨਾਂ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ ਸਰਕਾਰ ਨੇ ਕਿਸਾਨਾ ਦੀਆ ਸਾਰੀਆਂ ਬਕਾਇਆ ਰਕਮਾਂ ਨੂੰ ਕਲੀਅਰ ਕਰਨ ਦੀ ਬਜਾਏ ਕਿਸਾਨਾਂ ਨੂੰ ਸਭ ਕੁਝ ਸਿਖਾਉਣ ਦਾ ਰਾਹ ਚੁਣਿਆ ਜੋ ਕਿ ਸਰਾਸਰ ਗਲਤ ਹੈ ਇਸ ਤੋਂ ਸਰਕਾਰ ਦੀ ਨੀਅਤ ਦਾ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਲੋਕਾ ਪ੍ਰਤੀ ਮੋਹ ਹੈ ਜਾ ਨਹੀ । ਬੇਗਮਪੁਰਾ ਟਾਈਗਰ ਫੋਰਸ ਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਾਰੇ ਕਿਸਾਨਾਂ ਨੂੰ ਬਕਾਇਆ ਮੁਆਵਜ਼ਾ ਦਿੱਤਾ ਜਾਵੇ ਅਤੇ ਗ੍ਰਿਫਤਾਰ ਕੀਤੇ ਗਏ ਸਾਰੇ ਕਿਸਾਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਉਹਨਾਂ ਕਿਹਾ ਕਿ ਇਸ ਵਹਿਸੀਆਨਾ ਢੰਗ ਨਾਲ ਲਾਠੀ ਚਾਰਜ ਕਰਨ ਦੀ ਜਿੰਮੇਵਾਰੀ ਤੈਅ ਕਰਨ ਵਾਲੇ ਅਫਸਰ ਦੇ ਜਾਂਚ ਦੇ ਹੁਕਮ ਦਿੱਤੇ ਜਾਣੇ ਚਾਹੀਦੇ ਹਨ । ਉਹਨਾ ਅੰਤ ਵਿੱਚ ਕਿਹਾ ਕਿ ਬੇਗਮਪੁਰਾ ਟਾਇਗਰ ਫੋਰਸ ਇੱਕ ਰਜਿ. ਜਥੇਬੰਦੀ ਹੈ ਅਤੇ ਫੋਰਸ ਵਿੱਚੋ ਕੁਝ ਕੱਢੇ ਹੋਏ ਲੋਕ ਅਜੇ ਵੀ ਸ਼ਾਸਨ ਪ੍ਰਸ਼ਾਸਨ ਨੂੰ ਬੇਗਮਪੁਰਾ ਟਾਇਗਰ ਫੋਰਸ ਦੇ ਨਾਮ ਤੇ ਧਮਕਾ ਰਹੇ ਹਨ ਅਤੇ ਫੋਰਸ ਦਾ ਨਾਮ ਲੈਕੇ ਲੋਕਾ ਨੂੰ ਗੁਮਰਾਹ ਕਰ ਰਹੇ ਹਨ । ਉਹਨਾ ਸ਼ਾਸਨ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਹੋ ਜਿਹੇ ਲੋਕਾ ਤੇ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾ ਕਿਹਾ ਕਿ ਫੋਰਸ ਵਿੱਚੋਂ ਕੱਢੇ ਗਏ ਲੋਕਾ ਦਾ ਬੇਗਮਪੁਰਾ ਟਾਇਗਰ ਫੋਰਸ ਨਾਲ ਕੋਈ ਲੈਣਾ ਦੇਣਾ ਨਹੀ ਹੈ ਉਹਨਾ ਦੱਸਿਆ ਕਿ ਫੋਰਸ ਵਿੱਚੋ ਕੱਢੇ ਗਏ ਇਹ ਲੋਕਾ ਤੇ ਮਾਨਯੋਗ ਅਦਾਲਤ ਵਿੱਚ ਫੋਰਸ ਵਲੋ ਕੇਸ ਵੀ ਕੀਤੇ ਹੋਏ ਹਨ ।



# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਵੋਟਾਂ ਬਣਾਉਣ ਦੀ ਆਖੀਰਲੀ ਮਿਤੀ ਵਿੱਚ ਵਾਧਾ -ਡਾ ਪੱਲਵੀ

✦ ਪੰਜਾਬ ਦਾ ਖੁਲਾਸਾ

**ਮਾਲੇਰਕੋਟਲਾ 24 ਨਵੰਬਰ (ਬੋਪਾਰਾਏ):-** ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸੋਧਿਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਹੁਣ ਸੋਧੇ ਰਿਵਾਈਜਡ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਚੋਣਾਂ ਲਈ ਵੋਟਾਂ ਬਣਵਾਉਣ ਲਈ ਫਾਰਮ ਪ੍ਰਾਪਤ ਕਰਨ ਦੀ ਆਖਿਰੀ ਮਿਤੀ ਵਿੱਚ ਵਾਧਾ ਕਰਕੇ 15 ਦਸੰਬਰ 2024 ਤੱਕ ਕਰ ਦਿੱਤੀ ਗਈ ਹੈ।ਇਸ ਗੱਲ ਦੀ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਦਿੰਦਿਆਂ ਦੱਸਿਆ ਕਿ ਸੋਧੇ ਸ਼ਡਿਊਲ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 03 ਜਨਵਰੀ 2025 ਨੂੰ ਕੀਤੀ ਜਾਵੇਗੀ। ਦਾਅਵੇ ਤੇ ਇਤਰਾਜ 24 ਜਨਵਰੀ ਤੱਕ ਅਤੇ ਉਨ੍ਹਾਂ ਦਾ ਨਿਪਟਾਰਾ 05 ਫਰਵਰੀ 2025 ਤੱਕ ਕੀਤਾ ਜਾਵੇਗਾ ।

ਉਨ੍ਹਾਂ ਦੱਸਿਆ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀ ਸ਼ਰਤਾਂ ਪੂਰੀਆਂ ਕਰਦੇ ਹੋਣ ਉਹ ਫਾਰਮ ਨੰਬਰ 1 ਭਰਕੇ 15 ਦਸੰਬਰ 2024 ਤੱਕ ਦੇ ਸਕਦੇ ਹਨ । ਉਨ੍ਹਾਂ ਦੱਸਿਆ ਕਿ ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ ਤੇ ਦਾਅਵੇ ਅਤੇ ਇਤਰਾਜ਼ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 25 ਫਰਵਰੀ 2025 ਨੂੰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਹਰੇਕ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ ਜੋ ਆਪਣੇ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਅਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿੱਥੇ ਉਹ ਰਹਿੰਦਾ ਹੈ, ਸਿੱਖ ਸਬੰਧਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ.1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ/ਸ਼ਹਿਰਾਂ ਵਿੱਚ ਪਟਵਾਰੀਆਂ, ਬੀ.ਐਲ.ਓ, ਡੈਜ਼ੀਗਨੇਟਿਡ ਕਰਮਚਾਰੀਆਂ ਨੂੰ ਦੇ ਸਕਦਾ ਹੈ। ਵੋਟ ਬਣਾਉਣ ਵਾਲੇ ਵਿਅਕਤੀ ਦੀ ਆਸਥਾ ਸਿੱਖ ਧਰਮ ਵਿੱਚ ਹੋਣੀ ਚਾਹੀਦੀ ਹੈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੀ ਵੋਟ ਬਣਾ ਸਕਦਾ ਹੈ। ਉਨ੍ਹਾਂ ਕੇਸਾਧਾਰੀ ਸਿੱਖਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਫਾਰਮ ਭਰਮ ਸਮੇਂ ਕੁਝ ਜਰੂਰੀ ਹਦਾਇਤਾਂ ਦਾ ਖਾਸ ਧਿਆਨ ਰੱਖਣ ਨੂੰ ਯਕੀਨੀ ਬਣਾਉਣ ।



ਉਨ੍ਹਾਂ ਦੱਸਿਆ ਕਿ ਫਾਰਮਾਂ ਦੇ ਨਾਲ ਇੱਕ ਪਾਸਪੋਰਟ ਸਾਈਜ ਫੋਟੋ ਦੇ ਨਾਲ ਰਿਹਾਇਸ਼ ਦੇ ਸਬੂਤ ਵਜੋਂ ਆਧਾਰ ਕਾਰਡ, ਈ.ਸੀ.ਆਈ. ਵੱਲੋਂ ਜਾਰੀ ਵੋਟਰ ਆਈ.ਡੀ. ਕਾਰਡ (ਫੋਟੋ ਵਾਲਾ), ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੰਸ, ਕਰਮਚਾਰੀਆਂ ਨੂੰ ਜਾਰੀ ਸਰਵਿਸ ਆਈ.ਡੀ. ਕਾਰਡ ਫੋਟੋ ਸਮੇਤ ਜਿਸਨੂੰ ਕੇਂਦਰ/ਰਾਜ ਸਰਕਾਰ/ਪੀ.ਐਸ.ਯੂ/ਪਬਲਿਕ ਲਿਮਟਿਡ ਕੰਪਨੀ ਵੱਲੋਂ ਜਾਰੀ ਕੀਤਾ ਹੋਵੇ, ਬੈਂਕ/ਡਾਕਖਾਨੇ ਵੱਲੋਂ ਜਾਰੀ ਪਾਸਬੁੱਕ ਫੋਟੋ ਸਮੇਤ, ਪੈਨ ਕਾਰਡ, ਐਨ.ਪੀ.ਆਰ. ਅਧੀਨ ਆਰ.ਜੀ.ਆਈ. ਵੱਲੋਂ ਜਾਰੀ ਸਮਾਰਟ ਕਾਰਡ, ਮਨਰੇਗਾ ਜਾਬ ਕਾਰਡ, ਮਿਨੀਸਟਰੀ ਆਫ਼ ਲੇਬਰ ਵੱਲੋਂ ਜਾਰੀ ਸਿਹਤ ਬੀਮਾ ਸਮਾਰਟ ਕਾਰਡ, ਸਰਕਾਰੀ ਪੈਨਸ਼ਨ ਦਸਤਾਵੇਜ਼ ਸਮੇਤ ਫੋਟੋ, ਐਮ.ਪੀਜ਼, ਐਮ.ਐਲ.ਏਜ਼ ਅਤੇ ਐਮ.ਐਲ.ਸੀਜ਼ ਨੂੰ ਜਾਰੀ ਦਫ਼ਤਰੀ ਸ਼ਨਾਖ਼ਤੀ ਕਾਰਡ ਵਿੱਚੋਂ ਕੋਈ ਵੀ ਇੱਕ ਦਸਤਾਵੇਜ਼ ਨਾਲ ਨੱਥੀ ਕਰਨਾ ਲਾਜਮੀ ਹੈ ।

# ਕਣਕ ਦੇ ਚੰਗੇ ਝਾੜ ਲਈ ਨਦੀਨਾਂ ਨੂੰ ਕਾਬੂ ਕਰੋ



ਕਣਕ ਵਾਲੇ ਖੇਤਾਂ ਵਿੱਚ ਮੁੱਖ ਤੌਰ 'ਤੇ ਘਾਹ ਵਾਲੇ ਨਦੀਨ ਜਿਵੇਂ ਗੁੱਲੀ ਡੰਡਾ, ਜੰਗਲੀ ਜਵੀਂ, ਬੂੰਈ, ਲੂੰਬੜ ਘਾਹ ਅਤੇ ਚੌੜੇ ਪੱਤਿਆਂ ਵਾਲੇ ਨਦੀਨ ਜਿਵੇਂ ਜੰਗਲੀ ਪਾਲਕ, ਬਾਥੂ, ਮੈਣਾ/ਖੰਡੀ, ਜੰਗਲੀ ਹਾਲੋਂ, ਜੰਗਲੀ ਸੇਂਜੀ, ਕੰਡਿਆਲੀ ਪਾਲਕ, ਬਟਨ ਬੂਟੀ, ਭੰਬੋਲਾ, ਰਾਰੀ/ਰੇਵਾੜੀ, ਹਿਰਨਖੁਰੀ, ਲੇਹ ਆਦਿ ਪਾਏ ਜਾਂਦੇ ਹਨ। ਕਣਕ ਵਿੱਚ ਨਦੀਨ ਵੱਖ-ਵੱਖ ਸਮੇਂ 'ਤੇ ਕਈ ਲੌਆਂ ਵਿੱਚ ਉੱਗਦੇ ਹਨ। ਇਹ ਨਦੀਨ ਜਾਂ ਤਾਂ ਫ਼ਸਲ ਦੇ ਨਾਲ ਹੀ ਉੱਗ ਪੈਂਦੇ ਹਨ ਜਾਂ ਫਿਰ ਬਾਰਸ਼ ਹੋਣ ਕਰ ਕੇ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ ਉੱਗਦੇ ਹਨ। ਸ਼ੁਰੂਆਤ ਵਿੱਚ ਕਣਕ ਦੇ ਜੰਮ੍ਹ ਦੇ ਨਾਲ ਉੱਗਣ ਵਾਲੇ ਨਦੀਨ ਕਣਕ ਦੇ ਝਾੜ ਉੱਤੇ ਜ਼ਿਆਦਾ ਅਸਰ ਪਾਉਂਦੇ ਹਨ। ਆਮ ਤੌਰ 'ਤੇ ਕਿਸਾਨ ਕਣਕ ਵਿੱਚ ਰਸਾਇਣਕ ਤਰੀਕਿਆਂ ਨਾਲ ਨਦੀਨ ਪ੍ਰਬੰਧ, ਪਹਿਲੇ ਪਾਣੀ ਤੋਂ ਬਾਅਦ (ਬਿਜਾਈ ਤੋਂ 30 ਤੋਂ 40 ਦਿਨਾਂ ਬਾਅਦ) ਜਾਂ ਫਿਰ ਦੂਜੇ ਪਾਣੀ ਤੋਂ ਬਾਅਦ (ਬਿਜਾਈ ਤੋਂ 50 ਤੋਂ 60 ਦਿਨਾਂ ਬਾਅਦ) ਨਦੀਨ ਉੱਗਣ ਤੋਂ ਬਾਅਦ ਨਦੀਨਨਾਸ਼ਕਾਂ ਦੀ ਵਰਤੋਂ ਨਾਲ ਕਰਦੇ ਹਨ। ਇਹ ਦੇਖਿਆ ਗਿਆ ਹੈ ਕਿ ਦਸੰਬਰ ਮਹੀਨੇ ਦੇ ਅੰਤ ਵਿੱਚ ਛਿੜਕਾਅ ਕਰਨ ਸਮੇਂ ਧੁੰਦ ਅਤੇ ਬੱਦਲਵਾਈ ਰਹਿੰਦੀ ਹੈ ਜਿਸ ਕਾਰਨ ਪਹਿਲੇ ਪਾਣੀ ਤੋਂ ਬਾਅਦ ਕੀਤੇ ਜਾਣ ਵਾਲੇ ਨਦੀਨਨਾਸ਼ਕ ਕਰਨ ਵਿੱਚ ਦੇਰੀ ਹੋ ਜਾਂਦੀ ਹੈ ਅਤੇ ਜੇ ਖ਼ਰਾਬ ਮੌਸਮ ਵਿੱਚ ਛਿੜਕਾਅ ਕੀਤਾ ਜਾਵੇ ਤਾਂ ਕਈ ਵਾਰ ਕਣਕ ਉੱਤੇ ਇਸ ਦਾ ਮਾੜਾ ਪ੍ਰਭਾਵ ਵੀ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਪਹਿਲੇ ਪਾਣੀ ਤੋਂ ਬਾਅਦ ਭਾਰੀਆਂ ਜ਼ਮੀਨਾਂ ਵਿੱਚ ਖੇਤ ਵੱਤਰ ਹਾਲਤਾਂ ਵਿੱਚ 10 ਤੋਂ 15 ਦਿਨਾਂ ਬਾਅਦ ਆਉਂਦਾ ਹੈ। ਖੇਤ ਦੇਰੀ ਨਾਲ ਵੱਤਰ ਵਿੱਚ ਆਉਣ ਕਰ ਕੇ ਨਦੀਨ ਵੱਡੇ ਹੋ ਜਾਂਦੇ ਹਨ ਅਤੇ ਕਣਕ ਵੀ ਜ਼ਿਆਦਾ ਫੁਟਾਰਾ ਕਰ ਜਾਂਦੀ ਹੈ। ਵੱਡੇ ਨਦੀਨ (5-6 ਪੱਤਿਆਂ ਵਾਲੇ) ਅਤੇ ਕਣਕ ਦਾ ਜ਼ਿਆਦਾ ਫੁਟਾਰਾ ਹੋਣ ਕਰ ਕੇ ਛੋਟੇ ਨਦੀਨ ਕਣਕ ਹੇਠਾਂ ਆ ਜਾਂਦੇ ਹਨ ਜਿਸ ਕਰ ਕੇ ਨਦੀਨਨਾਸ਼ਕਾਂ ਦੇ ਛਿੜਕਾਅ ਤੋਂ ਚੰਗੇ ਨਤੀਜੇ ਨਹੀਂ ਮਿਲਦੇ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਜਾਈ ਸਮੇਂ ਹੀ ਵੱਖ-ਵੱਖ ਢੰਗ ਤਰੀਕੇ ਅਪਣਾ ਕੇ ਨਦੀਨਾਂ ਨੂੰ ਉੱਗਣ ਤੋਂ ਰੋਕ ਸਕਦੇ ਹਨ। ਇਸ ਲੇਖ ਵਿੱਚ ਕਣਕ ਦੀ ਬਿਜਾਈ ਸਮੇਂ ਵੱਖ-ਵੱਖ ਕਾਸ਼ਤਕਾਰੀ ਅਤੇ ਮਸ਼ੀਨੀ ਢੰਗਾਂ ਨੂੰ ਰਸਾਇਣਕ ਤਰੀਕਿਆਂ ਦੇ ਨਾਲ ਸੁਮੇਲ ਕਰ ਕੇ ਨਦੀਨਾਂ ਦੀ ਸਰਵਪੱਖੀ ਰੋਕਥਾਮ ਦੇ ਬਾਰੇ ਦੱਸਿਆ ਗਿਆ ਹੈ।

ਨਦੀਨਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਫ਼ਸਲਾਂ ਦਾ ਹੇਰ-ਫੇਰ ਬਹੁਤ ਹੀ ਕਾਰਗਰ ਤਰੀਕਾ ਹੈ। ਜਿਨ੍ਹਾਂ ਖੇਤਾਂ ਵਿੱਚ ਗੁੱਲੀ ਡੰਡੇ ਅਤੇ ਹੋਰ ਨਦੀਨਾਂ ਦੀ ਸਮੱਸਿਆ ਜ਼ਿਆਦਾ ਹੋਵੇ, ਉੱਥੇ ਜੇ ਸੰਭਵ ਹੋਵੇ ਤਾਂ ਕਣਕ ਦੀ ਥਾਂ ਬਰਸੀਮ, ਕਮਾਦ ਜਾਂ ਆਲੂ ਦੀ ਕਾਸ਼ਤ 1-2 ਸਾਲ ਕਰਨ ਨਾਲ, ਨਦੀਨਾਂ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ। ਜਿਵੇਂ ਕਿ ਬਰਸੀਮ ਵਿੱਚ ਕਈ ਵਾਰ ਕਟਾਈ ਹੋਣ ਕਰ ਕੇ ਨਦੀਨਾਂ ਦਾ ਨਵਾਂ ਬੀਜ ਨਹੀਂ ਬਣਦਾ ਅਤੇ ਵਾਰ-ਵਾਰ ਉੱਗਣ ਵਾਲੇ ਨਦੀਨਾਂ ਦੇ ਲੌਅ ਦੀ ਕਟਾਈ ਕਰ ਕੇ ਜ਼ਮੀਨ ਵਿਚਲੀ ਨਦੀਨਾਂ ਦੇ ਬੀਜਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਕਮਾਦ ਵਿੱਚ ਕਣਕ ਨਾਲੋਂ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਤੇ ਕਈ ਗੋਡੀਆਂ ਹੋਣ ਕਰ ਕੇ ਨਦੀਨਾਂ ਦੀ ਚੰਗੀ ਰੋਕਥਾਮ ਹੋ ਜਾਂਦੀ ਹੈ। ਆਲੂ 'ਚ ਵੱਖਰੇ ਨਦੀਨਨਾਸ਼ਕਾਂ ਦੀ ਵਰਤੋਂ ਤੇ ਪੁਟਾਈ ਜਲਦੀ ਹੋਣ ਕਰ ਕੇ ਨਦੀਨਾਂ ਨੂੰ ਬੀਜ ਪੈਣ ਤੋਂ ਪਹਿਲਾਂ ਨਸ਼ਟ ਕੀਤਾ ਜਾ ਸਕਦਾ ਹੈ। ਨਦੀਨਾਂ ਦੇ ਬੀਜਾਂ ਨੂੰ ਉੱਗਣ ਲਈ ਇੱਕ ਵਿਸ਼ੇਸ਼ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਕਣਕ ਦੀ ਬਿਜਾਈ ਦਾ ਸਮਾਂ ਅੱਗੇ-ਪਿੱਛੇ ਕਰ ਕੇ ਨਦੀਨਾਂ ਨੂੰ ਉੱਗਣ ਤੋਂ ਰੋਕਿਆ ਜਾ ਸਕਦਾ ਹੈ। ਜਿਨ੍ਹਾਂ ਖੇਤਾਂ ਵਿੱਚ ਪਿਛਲੇ ਸਾਲ ਗੁੱਲੀ ਡੰਡੇ ਦੀ ਸਮੱਸਿਆ ਜ਼ਿਆਦਾ ਆਈ ਹੋਵੇ, ਉਨ੍ਹਾਂ ਖੇਤਾਂ ਵਿੱਚ ਅਗੇਤੀ ਬਿਜਾਈ (25 ਅਕਤੂਬਰ ਤੋਂ ਨਵੰਬਰ ਦੇ ਪਹਿਲੇ ਹਫ਼ਤੇ) ਜੋ ਗੁੱਲੀ ਡੰਡੇ ਦੇ ਉੱਗਣ ਲਈ ਘੱਟ ਅਨੁਕੂਲ ਹੁੰਦਾ ਹੈ, ਵਿੱਚ ਕਰਨ ਨਾਲ ਕਣਕ ਦੀ ਫ਼ਸਲ ਗੁੱਲੀ ਡੰਡੇ ਦੇ ਪਹਿਲੇ ਲੌਅ ਤੋਂ ਬਚ ਜਾਂਦੀ ਹੈ ਜੋ ਫ਼ਸਲ ਦੇ ਸ਼ੁਰੂਆਤੀ ਵਾਧੇ 'ਤੇ ਬਹੁਤ ਅਸਰ ਪਾਉਂਦਾ ਹੈ। ਕਿਸੇ ਤਰ੍ਹਾਂ ਹੀ ਜੇ ਖੇਤ ਵਿੱਚ ਜੰਗਲੀ ਜਵੀਂ ਅਤੇ ਜੰਗਲੀ ਪਾਲਕ ਦੀ ਸਮੱਸਿਆ ਹੋਵੇ ਤਾਂ ਅਗੇਤੀ ਬਿਜਾਈ ਨਾ ਕਰੋ ਕਿਉਂਕਿ ਇਸ ਸਮੇਂ ਤਾਪਮਾਨ ਜੰਗਲੀ ਜਵੀ ਅਤੇ ਜੰਗਲੀ ਪਾਲਕ ਦੇ ਉੱਗਣ ਲਈ ਅਨੁਕੂਲ ਹੁੰਦਾ ਹੈ।

ਨਦੀਨਾਂ ਦੇ ਬੀਜ ਜੋ ਜ਼ਮੀਨ ਦੀ ਉੱਪਰਲੀ ਪਰਤ ਵਿੱਚ ਮੌਜੂਦ ਹੁੰਦੇ ਹਨ, ਨੂੰ ਉੱਗਣ ਲਈ ਜ਼ਿਆਦਾ ਸਿੱਲ੍ਹ ਦੀ ਲੋੜ ਹੁੰਦੀ ਹੈ। ਇਸ ਲਈ ਜੇ ਜ਼ਮੀਨ ਦੇ ਉੱਪਰਲੀ ਤਹਿ ਨੂੰ ਸੁਕਾ ਲਿਆ ਜਾਵੇ ਤਾਂ ਨਦੀਨਾਂ ਦੇ ਪਹਿਲੇ ਲੌਅ ਨੂੰ ਉੱਗਣ ਤੋਂ ਰੋਕਿਆ ਜਾ ਸਕਦਾ ਹੈ। ਸੁੱਕੀ ਹੋਈ ਨਰਮ ਮਹੀਨ ਮਿੱਟੀ ਇੱਕ ਮਲਚਿੰਗ ਦਾ ਕੰਮ ਕਰਦੀ ਹੈ ਅਤੇ ਨਦੀਨਾਂ ਦੇ ਬੀਜਾਂ ਨੂੰ ਉੱਗਣ ਨਹੀਂ ਦਿੰਦੀ। ਰੌਣੀ ਕਰਨ ਤੋਂ ਬਾਅਦ ਜਾਂ ਝੋਨੇ ਦੀ ਕਟਾਈ ਤੋਂ ਬਾਅਦ ਖੇਤ ਵਿੱਚ ਨਮੀ ਹੋਣ ਕਰ ਕੇ ਨਦੀਨ ਉੱਗ ਪੈਂਦੇ ਹਨ। ਇਨ੍ਹਾਂ ਨਦੀਨਾਂ ਨੂੰ ਬਿਜਾਈ ਤੋਂ ਪਹਿਲਾਂ ਹਲਕੀ ਵਹਾਈ ਕਰ ਕੇ ਨਸ਼ਟ ਕਰ ਦਿਉ ਅਤੇ ਉਸ ਤੋਂ ਬਾਅਦ ਉੱਪਰਲੀ ਤਹਿ ਸੁਕਾ ਕੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਘੱਟ ਉੱਗਦੇ ਹਨ।

ਕਣਕ ਬਿਨਾਂ ਵਹਾਈ ਜਾਂ ਘੱਟ ਤੋਂ ਘੱਟ ਵਾਹ ਕੇ ਵੀ ਬੀਜੀ ਜਾ ਸਕਦੀ ਹੈ। ਜ਼ੀਰੋ-ਟਿੱਲੇਜ/ਘੱਟ ਤੋਂ ਘੱਟ ਵਹਾਈ ਵਿੱਚ ਨਦੀਨਾਂ ਖ਼ਾਸ ਕਰ ਕੇ ਗੁੱਲੀ ਡੰਡੇ ਦੀ ਘੱਟ ਸਮੱਸਿਆ ਹੁੰਦੀ ਹੈ। ਇਸ ਤੋਂ ਇਲਾਵਾ ਹੈਪੀ ਸੀਡਰ, ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ-ਕਮ-ਮਲਚਿੰਗ ਵਿਧੀ ਨਾਲ ਝੋਨੇ ਦੇ ਵੱਢ ਵਿੱਚ ਬਿਨਾਂ ਵਾਹੇ ਕਣਕ ਦੀ ਬਿਜਾਈ ਕਰਨ ਨਾਲ ਨਦੀਨ ਬਹੁਤ ਘੱਟ ਉੱਗਦੇ ਹਨ। ਖੇਤ ਵਿੱਚ ਇੱਕ ਸਾਰ ਵਿੱਛੀ ਹੋਈ ਪਰਾਲੀ ਦੀ ਤਿੰਨ ਤੋਂ ਚਾਰ ਇੰਚ ਮੋਟੀ ਤਹਿ ਇੱਕ ਮਲਚਿੰਗ ਦਾ ਕੰਮ ਕਰਦੀ ਹੈ ਜੋ ਗੁੱਲੀ ਡੰਡੇ ਵਰਗੇ ਨਦੀਨਾਂ ਨੂੰ ਜੰਮਣ ਤੋਂ ਰੋਕਦੀ ਹੈ। ਕਈ ਵਾਰ ਬਿਨਾਂ ਵਹਾਈ ਵਾਲੇ ਖੇਤ ਵਿੱਚ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਝੋਨੇ ਦੇ ਖੜ੍ਹੇ ਕਰਚਿਆਂ ਵਿੱਚ ਨਦੀਨ ਉੱਗ ਜਾਂਦੇ ਹਨ, ਉਨ੍ਹਾਂ ਹਾਲਤਾਂ ਵਿੱਚ 500 ਮਿਲੀਲਿਟਰ ਗ੍ਰਾਮੋਕਸੋਨ 24 ਐਸ ਐਲ (ਪੈਰਾਕੁਐਟ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

ਬੈਡਾਂ 'ਤੇ ਬੀਜੀ ਕਣਕ ਵਾਲੇ ਖੇਤਾਂ ਵਿੱਚ ਰਵਾਇਤੀ ਢੰਗ ਨਾਲ ਬੀਜੀ ਕਣਕ ਦੀ ਫ਼ਸਲ ਦੇ ਮੁਕਾਬਲੇ ਨਦੀਨ ਘੱਟ ਉੱਗਦਾ ਹੈ ਕਿਉਂਕਿ ਬੈਡਾਂ ਦੀ ਉਪਰਲੀ ਤਹਿ ਜਲਦੀ ਸੁੱਕ ਜਾਂਦੀ ਹੈ ਤੇ ਨਦੀਨ ਘੱਟ ਉਗਦਾ ਹੈ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਅਤੇ ਝਾੜ ਵੀ ਰਵਾਇਤੀ ਢੰਗ ਨਾਲ ਬੀਜੀ ਫ਼ਸਲ ਤੋਂ ਜ਼ਿਆਦਾ ਮਿਲਦਾ ਹੈ।

ਬਿਜਾਈ ਵੇਲੇ ਕੀਤੇ ਜਾਣ ਵਾਲੇ ਨਦੀਨਨਾਸ਼ਕ: ਬਿਜਾਈ ਸਮੇਂ ਕੀਤੇ ਜਾਣ ਵਾਲੇ ਨਦੀਨਨਾਸ਼ਕ, ਨਦੀਨਾਂ ਦੇ ਬੀਜਾਂ ਨੂੰ ਉੱਗਣ ਤੋਂ ਰੋਕਦੇ ਹਨ। ਇਹ ਨਦੀਨਨਾਸ਼ਕ ਗੁੱਲੀ ਡੰਡੇ ਅਤੇ ਕੁੱਝ ਹੋਰ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਕਰਦੇ ਹਨ। ਰਵਾਇਤੀ ਢੰਗ ਨਾਲ ਵਾਹ ਕੇ ਬੀਜੀ ਕਣਕ ਵਿੱਚ ਨਦੀਨ ਪ੍ਰਬੰਧ ਲਈ ਨਦੀਨਨਾਸ਼ਕਾਂ (ਸਟੌਂਪ/ਅਵਕੀਰਾ /ਮੋਮੀਜੀ/ ਪਲੇਟਫਾਰਮ/ ਦਕਸ਼ ਪਲੱਸ) ਵਿੱਚੋਂ ਕਿਸੇ ਇੱਕ ਨਦੀਨਨਾਸ਼ਕ ਦੀ ਸਿਫ਼ਾਰਸ਼ ਮਾਤਰਾ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਨਾਲ/ਬੈਟਰੀ ਨਾਲ/ ਇੰਜਨ ਨਾਲ ਚੱਲਣ ਵਾਲੇ ਜਾਂ ਟਰੈਕਟਰ ਨਾਲ ਚੱਲਣ ਵਾਲੇ ਮਲਟੀ ਬੂਮ ਸਪਰੇਅਰ ਦੀ ਵਰਤੋਂ ਕਰ ਕੇ ਛਿੜਕਾਅ ਕਰੋ। ਨਦੀਨਨਾਸ਼ਕਾਂ ਦੇ ਛਿੜਕਾਅ ਲਈ ਹਮੇਸ਼ਾ ਟੱਕ ਵਾਲੀ ਜਾਂ ਕੱਟ ਵਾਲੀ ਨੋਜ਼ਲ ਹੀ ਵਰਤੋ। ਇਨ੍ਹਾਂ ਨਦੀਨਨਾਸ਼ਕਾਂ ਦਾ ਛਿੜਕਾਅ ਸਾਰੇ ਖੇਤ ਵਿੱਚ ਇੱਕਸਾਰ ਬਿਜਾਈ ਤੋਂ ਦੋ ਦਿਨਾਂ ਦੇ ਅੰਦਰ-ਅੰਦਰ, ਜੇ ਹੋ ਸਕੇ ਤਾਂ ਬਿਜਾਈ ਤੋਂ ਤੁਰੰਤ ਬਾਅਦ ਕਰੋ। ਨਦੀਨਨਾਸ਼ਕਾਂ ਦੇ ਛਿੜਕਾਅ ਲਈ ਲੱਕੀ ਸੀਡ ਡਰਿੱਲ ਜੋ ਕਣਕ ਦੀ ਬਿਜਾਈ ਅਤੇ ਨਦੀਨਨਾਸ਼ਕ ਦਾ ਛਿੜਕਾਅ ਨਾਲੇ ਨਾਲ ਕਰਦੀ ਹੈ, ਦੀ ਵਰਤੋਂ ਕਰੋ। ਇਨ੍ਹਾਂ ਨਦੀਨਨਾਸ਼ਕਾਂ ਤੋਂ ਚੰਗੇ ਨਤੀਜੇ ਲੈਣ ਲਈ ਛਿੜਕਾਅ ਚੰਗੀ ਤਰ੍ਹਾਂ ਤਿਆਰ ਖੇਤ ਵਿੱਚ ਵੱਤਰ ਵਿੱਚ ਹੀ ਕਰਨਾ ਚਾਹੀਦਾ ਹੈ। ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਵਾਲੇ ਖੇਤਾਂ ਵਿੱਚ, ਬਿਜਾਈ ਤੋਂ ਪਹਿਲਾਂ ਕਿਸੇ ਇਕ ਨਦੀਨਨਾਸ਼ਕ (ਸਟੌਂਪ/ ਅਵਕੀਰਾ/ ਮੋਮੀਜੀ/ ਪਲੇਟਫਾਰਮ/ਦਕਸ਼ ਪਲੱਸ) ਨੂੰ ਯੂਰੀਆ ਵਿੱਚ ਮਿਲਾ ਕੇ ਛੱਟਾ ਦਿਉ ਤੇ ਤੁਰੰਤ ਬਾਅਦ ਹੈਪੀ ਸੀਡਰ ਨਾਲ ਬਿਜਾਈ ਕਰ ਦਿਉ।

# ਗਿੱਦੜਬਾਹਾ ਤੋਂ ਡਿੰਪੀ ਢਿੱਲੋਂ ਦੀ ਜਿੱਤ ਆਮ ਲੋਕਾਂ ਦੀ ਜਿੱਤ, ਹੰਕਾਰ ਨੂੰ ਪਈ ਮਾਰ

✦ ਪੰਜਾਬ ਦਾ ਖੁਲਾਸਾ

**ਪੰਨੀ ਵਾਲਾ ਫੱਤਾ 24 ਨਵੰਬਰ (ਬਲਕਰਨ ਜਟਾਣਾ)** ਗਿੱਦੜਬਾਹਾ ਹੌਟ ਸੀਟ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਦਾ ਵੱਡੀ ਲੀਡ ਪ੍ਰਾਪਤ ਕਰਨਾ ਹੱਕ ਅਤੇ ਸੱਚ ਦੀ ਜਿੱਤ ਹੈ ਅਤੇ ਹੰਕਾਰੀ ਰਾਜੇ ਦਾ ਲੋਕਾਂ ਨੇ ਹੰਕਾਰ ਤੋੜਿਆ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗਿੱਦੜਬਾਹਾ ਵਿਖੇ ਡਿੰਪੀ ਢਿੱਲੋਂ ਦੇ ਹੱਕ ਵਿੱਚ ਲਗਾਤਾਰ ਮਿਹਨਤ ਕਰ ਰਹੇ ਜੋਬਨ ਬਰਾੜ ਅਸਪਾਲ ਅਤੇ ਜਗਨੰਦਨ ਸਿੰਘ ਅਸਪਾਲ ਨੇ ਕੀਤਾ ਉਹਨਾਂ ਕਿਹਾ ਕਿ ਰਾਜੇ ਦੇ ਦਬਕਿਆ ਨੇ ਉਸਦੇ ਵੋਟ ਬੈਂਕ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ ਰਾਜਾ ਵੜਿੰਗ ਆਪਣੇ ਆਪ ਨੂੰ 2027 ਦਾ ਮੁੱਖ ਮੰਤਰੀ ਸਮਝਦਾ ਸੀ ਅਤੇ ਲੋਕਾਂ ਨੂੰ ਦਬਾ ਕੇ ਵੋਟਾਂ ਮੰਗਦਾ ਸੀ ਰਾਜੇ ਨੇ ਵੱਡੇ ਦਬੰਗ ਲੀਡਰ ਸਰਦਾਰ ਪ੍ਰਤਾਪ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ ਅਤੇ ਹੋਰ ਸੀਨੀਅਰ ਲੀਡਰ ਖੂੰਜੇ ਲਾ ਦਿੱਤੇ ਸਨ ਅਤੇ ਆਪਣੇ ਆਪ ਨੂੰ ਪੰਜਾਬ ਦਾ ਭਵਿੱਖ ਦਾ ਮੁੱਖ ਮੰਤਰੀ ਸਮਝਣ ਲੱਗ ਪਿਆ ਸੀ ਉਨਾ ਕਿਹਾ ਕਿ ਲੋਕਾਂ ਨੇ ਰਾਜੇ ਦਾ ਹੰਕਾਰ ਤੋੜ ਕੇ ਦੱਸ ਦਿੱਤਾ ਹੈ ਕਿ ਲੋਕ ਲੀਡਰਾਂ ਨਾਲੋਂ ਵੱਡੇ ਹੁੰਦੇ ਹਨ ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਸ਼ਰਾਫਤ ਅਤੇ ਮਿਲਣਸਾਰ ਸੁਭਾਅ ਉਸ ਦੀ ਜਿੱਤ ਦਾ ਕਾਰਨ ਬਣਿਆ ਰਾਜੇ ਵੜਿੰਗ ਨੇ ਤਾਂ ਆਪਣੇ ਮਾਮੇ ਨੂੰ ਜਿਸ ਨੇ ਰਾਜੇ ਨੂੰ ਪਾਲ ਪੋਸ ਕੇ ਵੱਡਾ ਕੀਤਾ, ਪੜਾਇਆ ਲਿਖਾਇਆ ਸਿਆਸਤ ਵਿੱਚ ਤੁਰਨਾ ਸਿਖਾਇਆ ਉਸ ਨੂੰ ਵੀ ਰੋਲ ਕੇ ਰੱਖ ਦਿੱਤਾ ਅਤੇ ਨਰਿੰਦਰ ਕੌਣੀ ਵਰਗੇ ਸੀਨੀਅਰ ਲੀਡਰਾਂ ਨੂੰ ਅੱਖੋਂ ਪਰੋਖੇ ਕਰਕੇ ਸਭ ਕੁਝ ਆਪਣੇ ਘਰ ਰੱਖਣ ਨੂੰ ਹੀ ਪਹਿਲ ਦਿੱਤੀ ਉਹਨਾਂ ਕਿਹਾ ਕਿ ਡਿੰਪੀ ਢਿੱਲੋਂ ਦੀ ਜਿੱਤ ਅੱਜ ਗਿੱਦੜਬਾਹਾ ਦੇ ਲੋਕਾਂ ਦੀ ਜਿੱਤ ਹੋਈ ਹੈ ਅਤੇ ਪੰਜਾਬ ਵਿੱਚ ਤਿੰਨ ਸੀਟਾਂ ਜਿੱਤਣਾ ਆਮ ਆਦਮੀ ਪਾਰਟੀ ਵਿੱਚ ਲੋਕਾਂ ਦਾ ਭਰੋਸਾ ਪ੍ਰਗਟ ਕਰਨਾ ਇਹ ਦਰਸਾਉਂਦਾ ਹੈ ਕਿ ਲੋਕ ਅੱਜ ਵੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਨੂੰ ਚਾਹੁੰਦੇ ਹਨ। ਉਨਾ ਡਿੰਪੀ ਢਿੱਲੋ ਅਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਵੱਡੀ ਜਿੱਤ ਤੇ ਵਧਾਈ ਵੀ ਭੇਜੀ।



# ਸੀਨੀਅਰ ਕਾਂਗਰਸੀ ਆਗੂ ਅਮਰਜੀਤ ਸਿੰਘ ਧਾਲੀਵਾਲ ਨੇ ਸਾਥੀਆਂ ਸਣੇ ਵਿਧਾਇਕ ਬਣੇ ਕਾਲਾ ਢਿੱਲੋਂ ਨੂੰ ਦਿੱਤੀ ਮੁਬਾਰਕਬਾਦ

✦ ਪੰਜਾਬ ਦਾ ਖੁਲਾਸਾ

**ਤਪਾ ਮੰਡੀ, 24 ਨਵੰਬਰ -** ਬੀਤੇ ਦਿਨੀ ਉੱਪ ਚੋਣਾਂ ਦੇ ਐਲਾਨੇ ਗਏ ਨਤੀਜਿਆਂ 'ਚ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਜੇਤੂ ਹੋਏ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਜਿੱਤ 'ਤੇ ਜਿੱਥੇ ਕਾਂਗਰਸੀ ਵਰਕਰਾਂ 'ਚ ਖ਼ੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ, ਉੱਥੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਧਾਲੀਵਾਲ ਨੇ ਆਪਣੇ ਸਾਥੀਆਂ ਸਣੇ ਨਵ ਨਿਯੁਕਤ ਵਿਧਾਇਕ ਕਾਲਾ ਢਿੱਲੋ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਮੁਬਾਰਕਬਾਦ ਦਿੱਤੀ।

ਇਸ ਮੌਕੇ ਉਨ੍ਹਾਂ ਨਾਲ ਐਂਟੀਨਾਰਕੋਟਿਕ ਸੈੱਲ ਹਲਕਾ ਭਦੌੜ ਦੇ ਸਾਬਕਾ ਚੇਅਰਮੈਨ ਮੁਨੀਸ਼ ਬਾਂਸਲ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਗੱਲਬਾਤ ਦੌਰਾਨ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਵਿਧਾਇਕ ਬਣੇ ਕਾਲਾ ਢਿੱਲੋ ਨੇ ਇਹ ਉਪ ਚੋਣ ਜਿੱਤ ਕੇ ਨੌਜਵਾਨਾਂ 'ਚ ਜੋਸ਼ ਭਰ ਦਿੱਤਾ ਹੈ।

ਉਨ੍ਹਾਂ ਆਖਿਆ ਕਿ ਹਲਕਾ ਬਰਨਾਲਾ ਦੇ ਲੋਕਾਂ ਨੇ ਆਪ ਦੀ ਹਾਰ ਦੀ ਨੀਂਹ ਪੁੱਟ ਦਿੱਤੀ ਹੈ ਤੇ ਹੁਣ ਲੋਕ ਆਪ ਪਾਰਟੀ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਇੱਕ ਵਾਰ ਫਿਰ ਤੋਂ ਸੱਤਾ 'ਚ ਆਏਗੀ ਤੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਵੇਗੀ।



# ਕੇ.ਐਲ. ਚਾਂਦ ਟਰੱਸਟ ਨੇ ਚਾਰ ਲੋੜਵੰਦਾਂ ਨੂੰ ਭੇਂਟ ਕੀਤੀਆਂ ਵੀਲ੍ਹ ਚੇਅਰਾਂ




ਪੰਜਾਬ ਦਾ ਖੁਲਾਸਾ

**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਕੇ.ਐਲ. ਚੰਦ ਵੈਲਫੇਅਰ ਟਰੱਸਟ (ਯੂ.ਕੇ.) ਪੰਜਾਬ ਯੂਨਿਟ ਵੱਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਚਾਰ ਲੋੜਵੰਦਾਂ ਨੂੰ ਘਰੋ-ਘਰੀਂ ਜਾ ਕੇ ਵਹੀਲ ਚੇਅਰਾਂ ਭੇਂਟ ਕੀਤੀਆਂ ਗਈਆਂ। ਟਰੱਸਟ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਆਯੋਜਿਤ ਇਸ ਪ੍ਰੋਜੈਕਟ ਦੌਰਾਨ ਸਾਂਈ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸਿਆਸੀ ਆਗੂ ਪਰਵੀਨ ਬੰਗਾ ਅਤੇ ਡਾ. ਪਾਲੀ ਸਕਾਟਲੈਂਡ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਨੇ ਟਰੱਸਟ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅੰਗਹੀਣਾਂ ਤੇ ਬਿਮਾਰਾਂ ਦੀ ਸੇਵਾ ਵਿਚ ਟਰੱਸਟ ਵਲੋਂ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਉਹ ਮਿਸਾਲੀ ਅਤੇ ਹੋਰਨਾਂ ਸਮਾਜ ਸੇਵੀ ਜੱਥੇਬੰਦੀਆਂ ਨੂੰ ਵੀ ਸੇਧ ਦੇਣ ਵਾਲਾ ਹੈ। ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਸੰਤੋਖ ਚੰਦ ਪੀਪਾਰੰਗੀ, ਹਰਮੇਸ਼ ਲਾਲ ਗੋਬਿੰਦਪੁਰਾ ਤੋਂ ਇਲਾਵਾ ਬੇਗਮਪੁਰਾ ਦੀ ਇਕ ਲੋੜਵੰਦ ਔਰਤ ਅਤੇ ਸੰਗਤਪੁਰ ਦੇ ਇਕ ਲੋੜਵੰਦ ਵਿਅਕਤੀ ਨੂੰ ਵਹੀਲ ਚੇਅਰਾਂ ਭੇਂਟ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਪਰਿਵਾਰਾਂ ਦੀ ਆਰਥਕ ਹਾਲਤ ਬਹੁਤ ਕਮਜੋਰ ਸੀ। ਸੰਤੋਖ ਚੰਦ ਅਤੇ ਉਹਨਾਂ ਦੀ ਬੇਟੀ ਸੜਕ ਹਾਦਸੇ ਵਿਚ ਗੰਭੀਰ ਜਖਮੀ ਹੋਏ ਸਨ, ਜਿਹਨਾਂ ਨੂੰ ਵਹੀਲ ਚੇਅਰ ਤੋਂ ਇਲਾਵਾ 5100 ਰੁਪਏ ਦੀ ਆਰਥਕ ਸਹਾਇਤਾ ਵੀ ਇਲਾਜ ਲਈ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਟਰੱਸਟ ਵੱਲੋਂ ਬਿਮਾਰ, ਬਜ਼ੁਰਗਾਂ ਅਤੇ ਚੱਲਣ-ਫਿਰਨ ਤੋਂ ਅਸਮਰੱਥ ਲੋਕਾਂ ਨੂੰ ਵਹੀਲ ਚੇਅਰ ਅਤੇ ਟਰਾਈਸਾਈਕਲ ਆਦਿ ਦੀ ਸੇਵਾ ਬਿਲਕੁਲ ਫਰੀ ਨਿਭਾਈ ਜਾਂਦੀ ਹੈ। ਜਿਸ ਵਿਚ ਟਰੱਸਟ ਦੇ ਦੇਸ਼-ਵਿਦੇਸ਼ 'ਚ ਵੱਸਦੇ ਮੈਂਬਰਾਂ ਅਤੇ ਸਹਿਯੋਗੀਆਂ ਦਾ ਵਡਮੁੱਲਾ ਯੋਗਦਾਨ ਰਹਿੰਦਾ ਹੈ। ਇਸ ਮੌਕੇ ਜਸਵਿੰਦਰ ਢੱਡਾ, ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਸ਼ਿੰਗਾਰਾ ਰਾਮ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਕੈਲਵਿਨ ਚੁੰਬਰ, ਠੇਕੇਦਾਰ ਜਸਵਿੰਦਰ ਸਿੰਘ ਅਕਾਲਗੜ੍ਹ, ਗੁਰਨਾਮ ਪਾਲ ਅਕਾਲਗੜ੍ਹ, ਐਡਵੋਕੇਟ ਐਸ.ਕੇ. ਅੱਗਰਵਾਲ, ਹਰਬੰਸ ਲਾਲ ਸ਼ਿਵਪੁਰੀ, , ਸਾਈਮਨ ਬਾਹੜਮਜਾਰਾ, ਵਿਵੇਕ ਬਾਹੜਮਜਾਰਾ, ਮਨੀ ਅੰਬੇਡਕਰ ਪੰਚ, ਦੀਪਾ ਪੰਚ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਦੀ ਉੱਚ ਪੱਧਰੀ ਟੀਮ ਵੱਲੋਂ ਫਰੀਦਕੋਟ ਅਤੇ ਕੋਟਕਪੂਰਾ ਦੇ ਖਾਦ ਵਿਕਰੇਤਾਵਾਂ ਅਤੇ ਸਹਿਕਾਰੀ ਸਭਾਵਾਂ ਦੀ ਕੀਤੀ ਚੈਕਿੰਗ

## ਚੈਕਿੰਗ ਦੌਰਾਨ 8 ਖਾਦਾਂ ਅਤੇ 2 ਕੀਟਨਾਸ਼ਕਾਂ ਦੇ ਸੈਂਪਲ ਭਰ ਕੇ ਪਰਖ ਲਈ ਪ੍ਰਯੋਗਸ਼ਾਲਾ ਨੂੰ ਭੇਜੇ ਗਏ

ਪੰਜਾਬ ਦਾ ਖੁਲਾਸਾ




**ਫਰੀਦਕੋਟ, 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)**: - ਖ਼ੇਤੀਬਾੜੀ ਮੰਤਰੀ ਪੰਜਾਬ ਸ਼੍ਰੀ ਗੁਰਮੀਤ ਸਿੰਘ ਦੇ ਆਦੇਸ਼ਾਂ ਤੇ ਡਾਇਰੈਕਟਰ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਡਾਕਟਰ ਜਸਵੰਤ ਸਿੰਘ ਵਲੋਂ ਭੇਜੀ ਰਾਜ ਪੱਧਰੀ ਟੀਮ ਵੱਲੋਂ ਫ਼ਰੀਦਕੋਟ ਅਤੇ ਕੋਟਕਪੁਰਾ ਵਿਚ ਖਾਦ ਅਤੇ ਕੀਟਨਾਸ਼ਕ ਵਿਕਰੇਤਾਵਾਂ ਦੇ ਕਾਰੋਬਾਰ ਨਾਲ ਸਬੰਧਤ ਗੋਦਾਮਾਂ ਅਤੇ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਟੀਮ ਵਿਚ ਡਾ. ਗੁਰਦੀਪ ਸਿੰਘ ਡਿਪਟੀ ਡਾਇਰੈਕਟਰ ( ਖੇਤੀਬਾੜੀ),ਡਾਕਟਰ ਗਿਰੀਸ਼ ਕੁਮਾਰ ਫ਼ਸਲ ਵਿਗਿਆਨੀ,ਡਾ. ਰਮਨਦੀਪ ਸਿੰਘ,ਡਾ.ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਸਮੇਤ ਹੋਰ ਅਧਿਕਾਰੀ ਸ਼ਾਮਿਲ ਸਨ ।

ਇਸ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ.ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਟੀਮ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਤਹਿਤ ਖਾਦਾਂ ਦੀ ਸੈਂਪਲਿੰਗ ,ਕਾਲਾਬਜ਼ਾਰੀ ਅਤੇ ਜਮਾਂਖੋਰੀ ਰੋਕਣ ਲਈ ਦੁਕਾਨਾਂ ਅਤੇ ਗੋਦਾਮਾਂ ਦੀ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ।

ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਉੱਚ ਪੱਧਰੀ ਟੀਮ ਵੱਲੋਂ ਬਲਾਕ ਫ਼ਰੀਦਕੋਟ ਅਤੇ ਕੋਟਕਪੂਰਾ ਵਿੱਚ ਕੀਤੀ ਚੈਕਿੰਗ ਦੌਰਾਨ 8 ਖਾਦਾਂ ਅਤੇ ਦੋ ਕੀਟਨਾਸ਼ਕਾਂ ਦੇ ਨਮੂਨੇ ਭਰ ਕੇ ਪ੍ਰੀਖਣ ਲਈ ਪ੍ਰਯੋਗਸ਼ਲਾਵਾਂ ਵਿਚ ਭੇਜ ਦਿੱਤੇ ਹਨ। ਉਨਾਂ ਦੱਸਿਆ ਕਿ ਚਾਲੂ ਸਾਲ ਦੌਰਾਨ ਹੁਣ ਤਕ 60 ਖਾਦਾਂ ਅਤੇ 56 ਕੀਟ ਨਾਸ਼ਕਾਂ ਦੇ ਸੈਂਪਲ ਭਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 2 ਖਾਦਾਂ ਅਤੇ 2 ਕੀਟਨਾਸ਼ਕਾਂ ਦੇ ਸੈਂਪਲ ਘੱਟ ਮਿਆਰ ਦੇ ਪਾਏ ਗਏ ਹਨ, ਜਿਨ੍ਹਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।ਉਨਾਂ ਖਾਦ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਰੋਜ਼ਾਨਾ ਦੁਕਾਨ ਤੇ ਖਾਦ ਦਾ ਸਟਾਕ ਬੋਰਡ ਵਿਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ।

ਉਨਾਂ ਦੱਸਿਆ ਕਿ ਕਣਕ ਦੀ ਕਾਸ਼ਤ ਤਕਰੀਬਨ 85 ਫੀਸਦੀ ਰਕਬੇ ਵਿੱਚ ਹੋ ਚੁੱਕੀ ਹੈ ਅਤੇ ਡੀ ਏ ਪੀ ਖਾਦ ਦਾ ਇੱਕ ਰੈਕ ਕੱਲ ਨੂੰ ਕੋਟਕਪੂਰਾ ਆ ਰਿਹਾ ਹੈ। ਜਿਸ ਨਾਲ ਬਾਕੀ ਰਹਿੰਦੀ ਕਣਕ ਦੀ ਬਿਜਾਈ ਮੁਕੰਮਲ ਹੋ ਜਾਵੇਗੀ।ਉਨ੍ਹਾਂ ਦੱਸਿਆ ਕਿ ਕਣਕ ਦੀ ਫ਼ਸਲ ਲਈ ਫਾਸਫੋਰਸ ਖੁਰਾਕੀ ਤੱਤ ਦੀ ਜ਼ਰੂਰਤ ਹੁੰਦੀ ਹੈ, ਜਿਸ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਡੀ ਏ ਪੀ ਖਾਦ ਦੀ ਬਿਜਾਈ ਸਮੇਂ ਵਰਤੋਂ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਡੀ ਏ ਪੀ ਖਾਦ ਦੇ ਬਦਲ ਵੱਜੋਂ ਕਿਸਾਨ ਖਾਦ ਅਤੇ ਟ੍ਰਿਪਲ ਸੁਪਰ ਫਾਸਫੇਟ ਖਾਦ ,ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਟ੍ਰਿਪਲ ਸੁਪਰ ਫਾਸਫੇਟ ਵਿੱਚ ਡੀ ਏ ਪੀ ਵਾਂਗੂ 46% ਫਾਸਫੋਰਸ ਤੱਤ ਹੁੰਦਾ ਹੈ ਅਤੇ ਇਸ ਦੀ ਕੀਮਤ ਪ੍ਰਤੀ ਬੋਰੀ 1250/-ਰੁਪਏ ਹੈ , ਜਦ ਕਿ ਡੀ ਏ ਪੀ ਦੀ ਕੀਮਤ ਪ੍ਰਤੀ ਬੈਗ 1350/- ਰੁਪਏ ਹੈ।ਉਨ੍ਹਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵੱਜੋਂ ਕੀਤੀ ਜਾ ਸਕਦੀ ਹੈ ।

ਉਨਾਂ ਖਾਦ ਵਿਕ੍ਰੇਤਾਵਾਂ ਨੂੰ ਹਦਾਇਤ ਕੀਤੀ ਕਿ ਪੌਸ ਮਸ਼ੀਨਾਂ ਵਿੱਚ ਮੌਜੂਦ ਵਿਕਰੀ ਕੀਤੀ ਖਾਦ ਦਾ ਸਟਾਕ ਨਾਲੋ ਨਾਲ ਨਿਲ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਪੌਸ ਮਸ਼ੀਨਾਂ ਅਤੇ ਦੁਕਾਨ ਤੇ ਅਣਵਿਕੀ ਖਾਦ ਦਾ ਸਟਾਕ ਇਕਸਾਰ ਹੋਵੇ । ਉਨਾਂ ਸਮੂਹ ਡੀਲਰਾਂ ਅਤੇ ਸਕੱਤਰ ਸਹਿਕਾਰੀ ਸਭਾਵਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੌਸ ਮਸ਼ੀਨਾਂ ਵਿਚੋਂ ਰੋਜਾਨਾ ਕਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿਚ ਕੋਈ ਵਿਗਨ ਨਾ ਪਵੇ ।ਉਨਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ । ਉਨਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਖਾਦ,ਕੀਟਨਾਸ਼ਕ ਰਸਾਇਣ ਜਾਂ ਬੀਜ ਖ਼ੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ, ਤਾਂ ਉਸ ਦੀ ਲਿਖਤੀ ਤੌਰ ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।

# ਉਲਾਣਾ ਵਿਖੇ ਸ੍ਰੀ ਸੱਤਿਆ ਸਾਂਈ ਸੇਵਾ ਸੰਮਤੀ ਵਲੋਂ ਬਾਬਾ ਜੀ ਦਾ 99ਵਾਂ ਜਨਮ ਦਿਵਸ ਧੂਮਧਾਮ ਨਾਲ ਮਨਾਇਆ

ਪੰਜਾਬ ਦਾ ਖੁਲਾਸਾ



**ਘਨੌਰ 24 ਨਵੰਬਰ (ਅਭਿਸ਼ੇਕ ਸੂਦ)** : ਸ੍ਰੀ ਸੱਤਿਆ ਸਾਂਈ ਸੇਵਾ ਸਮਿਤੀ ਉਲਾਣਾ ਵਿਖੇ ਬਾਬਾ ਜੀ ਦਾ 99ਵਾਂ ਜਨਮ ਦਿਨ ਬੜੀ ਧੂਮਧਾਮ ਨਾਲ ਮਨਾਇਆ ਗਿਆ।ਇਸ ਸਬੰਧੀ ਕਨਵੀਨਰ ਡਾ. ਰੂਪ ਚੰਦ ਨੇ ਜਾਣਕਾਰੀ ਦਿੱਤੀ ਕਿ ਸੱਤਿਆ ਸਾਂਈ ਸਤਿਆ ਨਰਾਇਣ ਜੀ ਦਾ ਜਨਮ 23 ਨਵੰਬਰ 1926 ਨੂੰ ਪੁਟਾਪਰਤੀ, ਆਂਧਰਾ ਪ੍ਰਦੇਸ਼, ਭਾਰਤ ਵਿੱਚ ਹੋਇਆ ਸੀ। ਪੁਟਾਪਰਤੀ ਇੱਕ ਛੋਟਾ ਜਿਹਾ ਪਿੰਡ ਹੈ ਜੋ ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਵਿੱਚ ਸਥਿਤ ਹੈ। ਇਹ ਪਿੰਡ ਸੱਤਿਆ ਸਾਂਈ ਦੇ ਜਨਮ ਸਥਾਨ ਦੇ ਤੌਰ 'ਤੇ ਪ੍ਰਸਿੱਧ ਹੈ।ਪੁਟਾਪਰਤੀ ਦੇ ਲੋਕ ਸੱਤਿਆ ਸਾਂਈ ਨੂੰ ਇੱਕ ਦੈਵੀ ਹਸਤੀ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸੱਤਿਆ ਸਾਂਈ ਭਗਵਾਨ ਦਾ ਅਵਤਾਰ ਹਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਪਦੇਸ਼ ਲੋਕਾਂ ਨੂੰ ਸਹੀ ਰਾਹ ਦਿਖਾਉਂਦੇ ਹਨ।

ਪੁਟਾਪਰਤੀ ਦੇ ਲੋਕ ਸੱਤਿਆ ਸਾਂਈ ਦੇ ਜਨਮ ਦਿਨ 23 ਨਵੰਬਰ ਨੂੰ ਬੜੇ ਧੂਮ-ਧਾਮ ਨਾਲ ਮਨਾਉਂਦੇ ਹਨ। ਇਸ ਦਿਨ ਪੁਟਾਪਰਤੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ ਅਤੇ ਸੱਤਿਆ ਸਾਂਈ ਦੀ ਯਾਦ ਵਿੱਚ ਪ੍ਰਾਰਥਨਾ ਕਰਦੇ ਹਨ।ਇਸੇ ਤਰ੍ਹਾਂ ਹਰੇਕ ਸਾਲ ਸਰਬ ਧਰਮ ਭਜਨਾਂ ਦਾ ਗੁਣਗਾਨ ਕਰਕੇ ਜਨਮ ਦਿਨ ਮਨਾਇਆ ਜਾਂਦਾ ਹੈ। ਸੱਤਿਆ ਸਾਂਈ ਦੇ ਚਰਨਾਂ ਵਿੱਚ ਸੰਸਾਰ ਦੇ ਲੋਕ ਆਪਣੀ ਸ਼ਰਧਾ ਅਤੇ ਸਮਰਪਣ ਦਾ ਪ੍ਰਦਰਸ਼ਨ ਕਰਦੇ ਹਨ।ਇਸ ਕੀਰਤਨ ਦਾ ਉਦੇਸ਼ ਸਾਰੇ ਸੰਸਾਰ ਵਿੱਚ ਸ਼ਾਂਤੀ, ਪ੍ਰੇਮ ਅਤੇ ਏਕਤਾ ਦਾ ਸੰਦੇਸ਼ ਫੈਲਾਉਣਾ ਹੈ। ਇਸ ਕੀਰਤਨ ਵਿੱਚ ਸਾਰੇ ਧਰਮਾਂ ਦੇ ਲੋਕ ਹਿੱਸਾ ਲੈਂਦੇ ਹਨ।

ਸਤਿਆ ਸਾਂਈ ਜੀ ਦੇ ਮੁੱਖ ਉਦੇਸ਼ : ਸਾਰੇ ਸੰਸਾਰ ਵਿੱਚ ਸ਼ਾਂਤੀ ਅਤੇ ਪ੍ਰੇਮ ਦਾ ਸੰਦੇਸ਼ ਫੈਲਾਉਣਾ, ਧਰਮਾਂ ਵਿੱਚ ਏਕਤਾ ਦਾ ਸੰਦੇਸ਼ ਦਿੱਤਾ।ਇਸ ਮੌਕੇ ਆਈ ਸੰਗਤ ਨੂੰ ਪ੍ਰਸਾਦ ਵੰਡਿਆ। ਇਸ ਮੌਕੇ ਜੈ ਚੰਦ, ਡਾ. ਸਰਬਣ ਕੁਮਾਰ ਸੰਭੂ, ਡਾ. ਨਵੀਨ ਸੰਭੂ, ਸੁਗਲ ਚੰਦ ਸ਼ਰਮਾ, ਪੂਰਨੀ ਦੇਵੀ, ਗੁਰਪ੍ਰੀਤ ਸ਼ਰਮਾ,ਨੇਹਾ ਸਰੋਜ ਬਾਲਾ,ਯੋਗੇਸ਼ ਸ਼ਰਮਾ ਸੋਗਲਪੁਰ,ਸ਼ਾਕਸ਼ੀ,ਸੋਗਲਪੁਰ, ਹਰਸਦੀਪ ਸਰਮਾ, ਸਰਪ੍ਰਸਦੀਪ ਸਰਮਾ, ਤੁਸਾਰ ਸਰਮਾ,ਨਿਸ਼ਾਂਤ ਸਰਮਾ, ਸੁਗਲ ਚੰਦ, ਕੁਸ਼ੱਲਿਆ ਦੇਵੀ ਤਾਰਾ ਰਾਣੀ ਭਾਰੀ ਗਿਣਤੀ ਵਿੱਚ ਸਾਂਈ ਭਗਤਾਂ ਨੇ ਸਰਬ ਧਰਮ ਭਜਨਾਂ ਦਾ ਗੁਨਗਾਨ ਕੀਤਾ।



# ਢੀਂਗਰਾ ਕਲੋਨੀ ਦੇ ਵਿਕਾਸ ਕਾਰਜ ਵਿਧਾਇਕ ਰਮਦਾਸ ਦੀ ਅਗਵਾਈ ਹੇਠ ਜਲਦ ਸ਼ੁਰੂ ਹੋਣਗੇ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 24 ਨਵੰਬਰ (ਦਿਨੇਸ਼ ਸੋਨੀ)**- ਹਲਕਾ ਵਿਧਾਇਕ ਅਟਾਰੀ ਜਸਵਿੰਦਰ ਸਿੰਘ ਰਮਦਾਸ ਦੀ ਅਗਵਾਈ ਹੇਠ ਢੀਂਗਰਾ ਕਲੋਨੀ ਦੇ ਪਛੜੇ ਵਿਕਾਸ ਕਾਰਜ ਜੰਗੀ ਪੱਧਰ ਤੇ ਕਰਵਾਏ ਜਾਣਗੇ ਇਹ ਵਿਚਾਰ ਸਰਪੰਚ ਸਰਬਜੀਤ ਕੌਰ ਪਤਨੀ ਜਗ ਜੀਵਨ ਸਿੰਘ ਵੱਲੋਂ ਮੀਟਿੰਗ ਦੌਰਾਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਕਿਹਾ ਕਿ ਜਿੱਥੇ ਪਿਛਲੇ ਕਈ ਸਾਲਾਂ ਤੋਂ ਵਾਰਡਾਂ ਦੇ ਵਿਕਾਸ ਕਾਰਜ ਪਛੜੇ ਚੱਲ ਰਹੇ ਹਨ ਉੱਥੇ ਜਲਦ ਵਿਕਾਸ ਕਾਰਜ ਕਰਵਾਏ ਜਾਣਗੇ ਪੰਚਾਇਤ ਵੱਲੋਂ ਵੱਖ-ਵੱਖ ਗਲੀਆਂ ਵਿੱਚ ਸਟਰੀਟ ਲਾਈਟਾਂ ਲਗਾ ਕੇ ਸ਼ੁਰੂਆਤ ਕੀਤੀ ਗਈ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੌਰਾਨ ਜਿਮਨੀ ਚੋਣਾਂ ਦੀ ਹੋਈ ਜਿੱਤ ਵਿੱਚ ਖੁਸ਼ੀ ਵਿੱਚ ਲੱਡੂ ਵੰਡੇ ਗਏ ਇਸ ਮੌਕੇ ਸਮਾਜ ਸੇਵਕ ਹਰਮਨ ਪ੍ਰੀਤ ਸਿੰਘ ਸਿੱਧੂ ਪੰਚ ਅਮਰੀਕ ਸਿੰਘ ਪੰਚ ਹਰਜੀਤ ਕੌਰ ਪੰਚ ਪ੍ਰਤਾਪ ਸਿੰਘ ਪੰਚ ਪਲਵਿੰਦਰ ਸਿੰਘ ਗੁਰਮੀਤ ਸਿੰਘ ਹੀਰਾ ਸਿੰਘ ਰਾਜਾ ਸਿੰਘ ਜੀਵਨ ਗੁਪਤਾ ਸੋਨੂ ਸ਼ੁਕਲਾ ਬਿਕਰਮਜੀਤ ਸਿੰਘ ਢਿੱਲੋ ਲਾਲ ਸਿੰਘ ਪੱਲੇਦਾਰ ਸਰਵਣ ਸਿੰਘ ਫੌਜੀ ਬਲਦੇਵ ਸਿੰਘ ਬਾਬਾ ਬਲਵੀਰ ਸਿੰਘ ਮਨੀ ਸਿੰਘ ਚਰਨਜੀਤ ਕੌਰ ਹਰਪਾਲ ਸਿੰਘ ਲਖਵਿੰਦਰ ਕੌਰ ਗੁਰਮੀਤ ਕੌਰ ਹਰਜਿੰਦਰ ਕੌਰ ਸੁਖਵਿੰਦਰ ਸਿੰਘ ਥਾਣੇਦਾਰ ਸ਼ਰਨਜੀਤ ਕੌਰ ਜੋਗਿੰਦਰ ਸਿੰਘ ਮੁਖਤਾਰ ਸਿੰਘ ਕੁਲਵੰਤ ਸਿੰਘ ਬਲਕਾਰ ਸਿੰਘ ਮੇਜਰ ਸਿੰਘ ਢਿੱਲੋ ਇੰਦਰ ਡੇਰੀਵਾਲਾ ਆਦ ਹਾਜ਼ਰ ਸਨ

# ਜ਼ਿਮਨੀ ਚੋਣਾਂ ਦੀ ਜਿੱਤ ਨੇ ਮਾਨ ਦੀਆਂ ਨੀਤੀਆਂ 'ਤੇ ਮੋਹਰ ਲਾਈ : ਸੰਦੀਪ ਸਿੰਘ ਕੰਮੇਆਣਾ

ਪੰਜਾਬ ਦਾ ਖੁਲਾਸਾ



**ਕੋਟਕਪੂਰਾ, 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)**:- ਪੰਜਾਬ ਵਿੱਚ ਹੋਈਆਂ ਚਾਰ ਜ਼ਿਮਨੀ ਚੋਣਾਂ ਵਿੱਚੋਂ ਤਿੰਨ ਸੀਟਾਂ ਆਮ ਆਦਮੀ ਪਾਰਟੀ ਦੀ ਝੋਲੀ ਪੈਣ ਦੀ ਖੁਸ਼ੀ ਵਿੱਚ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਨੇ ਕਿਹਾ ਕਿ ਇਹਨਾਂ ਚੋਣਾਂ ਦੌਰਾਨ ਇੱਕ ਵਾਰ ਫਿਰ ਪੰਜਾਬ ਦੇ ਸੂਝਵਾਨ ਲੋਕਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਲਾ ਕੇ 'ਆਪ' ਦੇ ਉਮੀਦਵਾਰਾਂ ਨੂੰ ਸ਼ਾਨਦਾਰ ਜਿੱਤ ਦਿਵਾਈ ਹੈ। ਸੰਦੀਪ ਕੰਮੇਆਣਾ ਨੇ ਆਖਿਆ ਕਿ ਭਗਵੰਤ ਮਾਨ ਸਰਕਾਰ ਨੇ ਹਮੇਸ਼ਾਂ ਲੋਕਪੱਖੀ ਨੀਤੀਆਂ ਬਣਾਈਆਂ, ਹਜਾਰਾਂ ਨੌਜਵਾਨਾਂ ਨੂੰ ਬਿਨਾਂ ਸਿਫਾਰਸ਼ ਅਤੇ ਰਿਸ਼ਵਤ ਦੇ ਨੌਕਰੀਆਂ ਦਿੱਤੀਆਂ, ਅਨੇਕਾਂ ਲੋਕਪੱਖੀ ਨੀਤੀਆਂ ਸ਼ੁਰੂ ਕੀਤੀਆਂ ਤੇ ਪੰਜਾਬ ਦੇ ਵਿਕਾਸ ਲਈ ਅਨੇਕਾਂ ਪ੍ਰੋਜੈਕਟ ਲੈ ਕੇ ਆਏ। ਸੰਦੀਪ ਕੰਮੇਆਣਾ ਨੇ ਕਿਹਾ ਕਿ ਵਿਰੋਧੀਆਂ ਵਲੋਂ ਕਈ ਤਰ ਾਂ ਦੇ ਡਰਾਮੇਬਾਜੀਆਂ ਅਤੇ ਪਖੰਡ ਕੀਤੇ ਜਾ ਰਹੇ ਸਨ, ਇਹਨਾਂ ਪਖੰਡਾਂ ਨੂੰ ਜ਼ਿਮਨੀ ਚੋਣਾਂ ਵਿੱਚ 'ਆਪ' ਦੀ ਜਿੱਤ ਨੇ ਸਿਰੋਂ ਹੀ ਨਕਾਰ ਦਿੱਤਾ ਹੈ? ਉਹਨਾਂ ਕਿਹਾ ਕਿ ਇਹ ਜਿੱਤ 2027 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਨੀਂਹ ਪੱਥਰ ਹੈ ਤੇ 2027 ਵਿਚ ਹੋਰ ਵੱਡੇ ਬਹੁਮਤ ਨਾਲ ਜਿਤਾਂਗੇ? ਉਹਨਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਸਮੇਤ ਉਹਨਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਜਿਮਨੀ ਚੋਣਾ ਦੇ ਜੇਤੂ 'ਆਪ' ਵਿਧਾਇਕ ਤਨਦੇਹੀ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਉਹਨਾਂ ਨਾਲ ਅਮਰੀਕ ਸਿੰਘ ਸਰਪੰਚ ਡੱਗੋਰੋਮਾਣਾ, ਚਮਕੌਰ ਸਿੰਘ ਸਰਪੰਚ ਹਰੀਏਵਾਲਾ, ਯਾਦਵਿੰਦਰ ਸਿੰਘ ਸਰਪੰਚ ਦਾਨਾਰੋਮਾਣਾ, ਗੁਰਦੀਪ ਸ਼ਰਮਾ ਬਲਾਕ ਪ੍ਰਧਾਨ ਅਤੇ ਜਗਦੀਪ ਸਿੰਘ 'ਆਪ' ਆਗੂ ਆਦਿ ਵੀ ਹਾਜਰ ਸਨ।



# ਗੌਤਮ ਬੁੱਧ ਚੈਰੀਟੇਬਲ ਸੋਸਾਇਟੀ ਦੀ ਅਹਿਮ ਮੁੱਦਿਆਂ ਨੂੰ ਲੈ ਕੇ ਹੋਈ ਮੀਟਿੰਗ

ਪੰਜਾਬ ਦਾ ਖੁਲਾਸਾ

**ਕੋਟਕਪੂਰਾ, 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਅੱਜ ਗੌਤਮ ਬੁੱਧ ਚੈਰੀਟੇਬਲ ਐਂਡ ਐਜੂਕੇਸ਼ਨਲ ਵੈਲਫੇਅਰ ਸੋਸਾਇਟੀ ਦੇ ਮੈਂਬਰਾਂ ਵੱਲੋਂ ਪ੍ਰਧਾਨ ਪਰਮਪਾਲ ਸਾਕਿਆ ਦੇ ਘਰ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੈਟੀ ਪ੍ਰਧਾਨ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੌਕਾ ਏਜੰਡਾ ਸਾਕਿਆ ਸਮਾਜ ਦੇ ਨੌਜਵਾਨ ਵਰਗ ਨੂੰ ਸਹੀ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਉਹਨਾਂ ਦੱਸਿਆ ਕਿ ਸੁਸਾਇਟੀ ਵੱਲੋਂ ਪਹਿਲਾਂ ਦੀ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਨੌਜਵਾਨਾਂ ਦੇ ਪੜ੍ਹਾਈ ਅਤੇ ਸਮਾਜਸੇਵਾ ਲਈ ਉਤਸਾਹਿਤ ਕੀਤਾ ਜਾਵੇਗਾ। ਇਸ ਦੌਰਾਨ ਹੋਰ ਕਈ ਗੰਭੀਰ ਮੁੱਦਾ ਨੂੰ ਲੈ ਕੇ ਚਰਚਾ ਕੀਤੀ ਗਈ। ਇਸ ਸਮੇਂ ਸੋਸਾਇਟੀ ਦੇ ਉਪ ਪ੍ਰਧਾਨ ਆਸਾ ਰਾਮ, ਸੈਕਟਰੀ ਪ੍ਰਦੀਪ ਸਿੰਘ, ਕੈਸ਼ੀਅਰ ਨੇਤਰਪਾਲ ਸਿੰਘ, ਮੈਂਬਰ ਹੇਮ ਸਿੰਘ, ਗਿਆਨ ਸਿੰਘ, ਹਰਪਾਲ ਸਿੰਘ ਪੱਪੂ, ਪ੍ਰੇਮਪਾਲ ਸਿੰਘ ਅਤੇ ਕਾਂਸ਼ੀ ਰਾਮ ਆਦਿ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਸੀਡ ਵਿਲੇਜ਼ ਪ੍ਰੋਗਰਾਮ ਅਧੀਨ ਕਣਕ, ਛੋਲਿਆਂ ਅਤੇ ਰੇਪਸੀਡ/ਮਸਟਰਡ ਦਾ ਬੀਜ ਸਬਸਿਡੀ ਤੇ ਉਪਲਬਧ : ਮੁੱਖ ਖੇਤੀਬਾੜੀ ਅਫਸਰ

ਪੰਜਾਬ ਦਾ ਖੁਲਾਸਾ



**ਫਰੀਦਕੋਟ : 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਹਾੜੀ 2024-25 ਦੌਰਾਨ ਸਬਮਿਸ਼ਨ ਆਨ ਸੀਡ ਐਂਡ ਪਲਾਂਟਿੰਗ (SMSP) - ਸੀਡ ਵਿਲੇਜ਼ ਪ੍ਰੋਗਰਾਮ ਅਧੀਨ ਪੰਜਾਬ ਸਰਕਾਰ ਵੱਲੋਂ ਘੋਸ਼ਿਤ ਨੋਡਲ ਏਜੰਸੀ ਪਨਸੀਡ ਵੱਲੋਂ ਸਪਲਾਈ ਕੀਤਾ ਕਣਕ, ਛੋਲੇ ਅਤੇ ਰੇਪਸੀਡ/ਮਸਟਰਡ ਦਾ ਬੀਜ ਉਪਦਾਨ ਤੇ ਮੁਹੱਈਆ ਕਰਵਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੀਡ ਵਿਲੇਜ਼ ਪ੍ਰੋਗਰਾਮ ਅਧੀਨ ਕਣਕ ਦਾ ਬੀਜ 1600/- ਰੁਪਏ ਕੁਇੰਟਲ ਸਹਾਇਤਾ, ਛੋਲਿਆਂ ਦਾ ਬੀਜ 4800/- ਰੁਪਏ ਕੁਇੰਟਲ ਸਹਾਇਤਾ ਅਤੇ ਰੇਪਸੀਡ/ਮਸਟਰਡ ਦਾ ਬੀਜ 4200/- ਰੁਪਏ ਪ੍ਰਤੀ ਕੁਇੰਟਲ ਸਹਾਇਤਾ ਨਾਲ ਤਸਦੀਕਸ਼ੁਦਾ ਬੀਜ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ। ਇਹ ਬੀਜ ਕਿਸਾਨ ਵੀਰਾਂ ਨੂੰ ਖਰੀਦ ਸਮੇਂ ਹੀ ਸਹਾਇਤਾ ਰਾਸ਼ੀ ਘਟਾ ਕੇ ਦਿੱਤਾ ਜਾਵੇਗਾ।

ਉਹਨਾਂ ਦੱਸਿਆ ਕਿ ਕਿਸਾਨ ਆਪਣੇ ਮੁਕੰਮਲ ਬਿਨੈ ਪੱਤਰ ਖੇਤੀਬਾੜੀ ਵਿਭਾਗ ਦੇ ਸਰਕਲ ਪੱਧਰ, ਬਲਾਕ ਪੱਧਰ ਜਾਂ ਜਿਲ੍ਹਾ ਪੱਧਰ ਦੇ ਦਫਤਰਾਂ ਵਿੱਚ ਜਮਾਂ ਕਰਵਾ ਸਕਦੇ ਹਨ। ਕਿਸਾਨ ਵੀਰਾਂ ਨੂੰ ਜਿਲ੍ਹਾ/ਬਲਾਕ ਦਾ ਟੀਚਾ ਪੂਰਾ ਹੋਣ ਤੱਕ ਇਹ ਬੀਜ ਸਬਸਿਡੀ ਤੇ ਮੁਹੱਈਆ ਕਰਵਾਇਆ ਜਾਵੇਗਾ। ਉਹਨਾ ਦੱਸਿਆ ਕਿ ਬੀਜ ਦੀ ਵੰਡ ਸਬੰਧੀ ਜਿਲ੍ਹਾ ਫਰੀਦਕੋਟ ਨੂੰ ਕਣਕ ਦੇ ਬੀਜ ਦਾ 2500 ਕੁਇੰਟਲ, ਛੋਲਿਆਂ ਦੇ ਬੀਜ ਦਾ 1.87 ਕੁਇੰਟਲ ਅਤੇ ਸਰੋਂ ਦੇ ਬੀਜ ਦਾ 4.2 ਕੁਇੰਟਲ ਟੀਚਾ ਪ੍ਰਾਪਤ ਹੋਇਆ ਹੈ। ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨ ਸਬਸਿਡੀ ਵਾਲੇ ਫਾਰਮ ਸਬੰਧਤ ਸਰਕਲ ਜਾਂ ਬਲਾਕ ਦਫਤਰਾਂ ਵਿੱਚੋਂ ਪ੍ਰਾਪਤ ਕਰ ਸਕਦੇ ਹਨ ਅਤੇ ਫਾਰਮ ਜਮ੍ਹਾਂ ਕਰਵਾ ਕੇ ਤੁਰੰਤ ਬੀਜ ਪ੍ਰਾਪਤ ਕਰ ਸਕਦੇ ਹਨ।

ਉਹਨਾਂ ਇਹ ਵੀ ਦੱਸਿਆ ਕਿ ਕਣਕ ਦਾ ਬੀਜ ਪ੍ਰਤੀ ਕੁਇੰਟਲ 2150/- ਰੁਪਏ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਜਿਨ੍ਹਾਂ ਕਿਸਾਨਾਂ ਨੇ ਕਣਕ ਦੀ ਬਿਜਾਈ ਕਰਨੀ ਹੈ, ਉਹ ਇਸ ਮੌਕੇ ਦਾ ਫਾਇਦਾ ਉਠਾ ਸਕਦੇ ਹਨ। ਇਹ ਛੁੱਟੀਆਂ ਵਾਲੇ ਦਿਨ ਵੀ ਮੁਹੱਈਆ ਕਰਵਾਇਆ ਜਾਵੇਗਾ।

# ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਰੀਜ਼ਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਦੇ ਦਫ਼ਤਰ ਦਾ ਕੀਤਾ ਦੌਰਾ

ਪੰਜਾਬ ਦਾ ਖੁਲਾਸਾ



**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਰੀਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਦੇ ਸੁਭਾਸ਼ ਨਗਰ ਸਥਿਤ ਦਫਤਰ ਚਿਰਾਗ ਐਸੋਸੀਏਟਸ ਦਾ ਦੌਰਾ ਕੀਤਾ। ਜਿੱਥੇ ਰੀਜ਼ਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਦੋਵਾਂ ਲਾਇਨਜ਼ ਅਹੁਦੇਦਾਰਾਂ ਵਿਚਾਲੇ ਦਸੰਬਰ ਮਹੀਨੇ ਦੇ ਪ੍ਰਾਜੈਕਟਾਂ ਸੰਬੰਧੀ ਵਿਚਾਰਾਂ ਹੋਈਆਂ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਲਾਇਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਦਸੰਬਰ ਮਹੀਨੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹ ਕੈਲੰਡਰ ਵਰ੍ਹੇ ਦਾ ਆਖਰੀ ਮਹੀਨਾ ਹੈ। ਜਿਸ ਵਿੱਚ ਕ੍ਰਿਸਮਸ ਅਤੇ ਨਵੇਂ ਸਾਲ ਵਰਗੇ ਆਯੋਜਨ ਅਤੇ ਸਰਦੀ ਦਾ ਪੂਰਾ ਜ਼ੋਰ ਰਹਿੰਦਾ ਹੈ। ਇਸ ਲਈ ਅੱਜ ਦੀ ਮੀਟਿੰਗ ਵਿੱਚ ਲਾਇਨਜ਼ 321-ਡੀ ਦੀਆਂ ਸਾਰੀਆਂ ਕਲੱਬਾਂ ਨੂੰ ਜਿਨ੍ਹਾਂ ਪ੍ਰੋਜੈਕਟਾਂ ਲਈ ਪ੍ਰੇਰਿਤ ਕੀਤਾ ਜਾਣਾ ਹੈ, ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਡਿਸਟ੍ਰਿਕਟ ਗਵਰਨਰ ਲਾਇਨ ਬੱਚਾਜੀਵੀ ਨੇ ਕਿਹਾ ਕਿ ਠੰਢ ਦੇ ਮੌਸਮ ਵਿੱਚ ਗਰੀਬ ਵਰਗ ਦੇ ਲੋਕਾਂ ਨੂੰ ਠੰਢ ਤੋਂ ਬਚਣ ਲਈ ਕਾਫੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਇਸ ਲਈ ਇਹ ਕੋਸ਼ਿਸ਼ ਰਹੇਗੀ ਕਿ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਜੁਰਾਬਾਂ, ਬੂਟ ਅਤੇ ਸਵੈਟਰ ਆਦਿ ਵੰਡੇ ਜਾਣ। ਇਸ ਤੋਂ ਇਲਾਵਾ ਸਮੂਹ ਲਾਇਨਜ਼ ਕਲੱਬਾਂ ਨੂੰ ਝੁੱਗੀਆਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਨੂੰ ਗਰਮ ਕੰਬਲ ਵਰਗੀਆਂ ਜ਼ਰੂਰੀ ਚੀਜ਼ਾਂ ਭੇਂਟ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ। ਇਸੇ ਵਿਸ਼ੇ 'ਤੇ ਅੱਜ ਰੀਜ਼ਨ ਚੇਅਰਮੈਨ ਆਸ਼ੂ ਮਾਰਕੰਡਾ ਨਾਲ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੋ ਇਸ ਸੁਨੇਹਾ ਰੀਜਨ ਦੀਆਂ ਸਾਰੀਆਂ ਕਲੱਬਾਂ ਤੱਕ ਪਹੁੰਚਾਇਆ ਜਾ ਸਕੇ।

# ਅਮਨ ਅਰੋੜਾ ਦੇ ਪੰਜਾਬ ਪ੍ਰਧਾਨ ਬਣਨ ਨਾਲ ਆਪ ਦਾ ਹੋਰ ਵਿਸਥਾਰ ਹੋਵੇਗਾ : ਸੰਦੀਪ ਕੰਮੇਆਣਾ

## ਆਖਿਆ ! ਨਵਾਂ ਪ੍ਰਧਾਨ ਨਵੀਂ ਸੋਚ ਨਾਲ ਪਾਰਟੀ ਨੂੰ ਹੋਰ ਅੱਗੇ ਲੈ ਕੇ ਜਾਵੇਗਾ

ਪੰਜਾਬ ਦਾ ਖੁਲਾਸਾ



**ਕੋਟਕਪੂਰਾ, 24 ਨਵੰਬਰ (ਗੁਰਦੀਪ ਸਿੰਘ ਢਿੱਲੋਂ)** :- ਆਮ ਆਦਮੀ ਪਾਰਟੀ ਦਾ ਪੰਜਾਬ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਬਣਾਏ ਜਾਣ 'ਤੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ ਅਤੇ ਇਸ ਨਿਯੁਕਤੀ ਨਾਲ ਵਰਕਰਾਂ ਵਿੱਚ ਨਵੀਂ ਰੂਹ ਫੂਕੀ ਜਾਵੇਗੀ ਤੇ ਪਾਰਟੀ ਹੋਰ ਬੁਲੰਦੀਆਂ ਨੂੰ ਛੂਹੇਗੀ ? ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਨੇ ਕਰਦਿਆਂ ਕਿਹਾ ਕਿ ਅਮਨ ਅਰੋੜਾ ਬਹੁਤ ਹੀ ਸੁਲਝੇ ਹੋਏ ਆਗੂ ਹਨ ਅਤੇ ਉਹ ਸ਼ੁਰੂ ਤੋਂ ਹੀ ਪਾਰਟੀ ਨਾਲ ਜੁੜੇ ਹੋਏ ਹਨ? ਉਨ ਾਂ ਦਾ ਹਰ ਪਾਰਟੀ ਆਗੂ ਤੇ ਵਰਕਰ ਸਤਿਕਾਰ ਕਰਦਾ ਹੈ, ਕਿਉਂਕਿ ਉਹ ਹਰ ਛੋਟੇ-ਵੱਡੇ ਨੂੰ ਨਾਲ ਲੈ ਕੇ ਚੱਲਣ ਵਾਲੇ ਜ਼ਮੀਨ ਨਾਲ ਜੁੜੇ ਹੋਏ ਆਗੂਆਂ ਵਿੱਚੋਂ ਇਕ ਹਨ ? ਇਹੀ ਕਾਰਨ ਹੈ ਕਿ ਉਹ ਦੋ ਵਾਰ ਲਗਾਤਾਰ ਵਿਧਾਇਕ ਚੁਣੇ ਜਾ ਚੁੱਕੇ ਹਨ ਅਤੇ ਇਸ ਵਾਰ ਉਹ ਕੈਬਨਿਟ ਮੰਤਰੀ ਦੇ ਅਹੁਦੇ ਤੱਕ ਵੀ ਪਹੁੰਚੇ ਹਨ ? ਸੰਦੀਪ ਸਿੰਘ ਕੰਮੇਆਣਾ ਨੇ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਹੋਰ ਵਿਸਥਾਰ ਹੋਵੇਗਾ, ਕਿਉਂਕਿ ਨਵਾਂ ਪ੍ਰਧਾਨ ਨਵੀਂ ਸੋਚ ਨਾਲ ਨਵ-ਨਿਯੁਕਤ ਪ੍ਰਧਾਨ ਅਮਨ ਅਰੋੜਾ ਪਾਰਟੀ ਨੂੰ ਅੱਗੇ ਲੈ ਕੇ ਜਾਵੇਗਾ, ਜਿਸ ਨਾਲ ਵਰਕਰਾਂ ਵਿੱਚ ਨਵੀਂ ਖਿੱਚ ਤੇ ਨਵੀਂ ਊਰਜਾ ਪੈਦਾ ਹੋਵੇਗੀ ? ਸੰਦੀਪ ਸਿੰਘ ਕੰਮੇਆਣਾ ਨੇ ਦੱਸਿਆ ਕਿ ਅਮਨ ਅਰੋੜਾ ਨੇ ਪਹਿਲੀ ਵਾਰ ਵਿਧਾਇਕ ਵਜੋਂ ਮਾਰਚ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਰਿਕਾਰਡ ਤੋੜ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ? ਇਸ ਤੋਂ ਬਾਅਦ 2022 ਵਿਚ ਉਹ ਸੁਨਾਮ ਤੋਂ ਮੁੜ ਵਿਧਾਇਕ ਚੁਣੇ ਗਏ, ਉਹ 'ਆਪ' ਦੀ ਪੰਜਾਬ ਸੂਬਾ ਇਕਾਈ ਦੇ ਸਹਿ-ਪ੍ਰਧਾਨ ਵੀ ਰਹੇ ਹਨ ? ਉਹ ਪੰਜਾਬ ਦੇ ਦੋ ਵਾਰ ਵਿਧਾਇਕ ਅਤੇ ਮੰਤਰੀ ਰਹੇ ਭਗਵਾਨ ਦਾਸ ਅਰੋੜਾ ਦੇ ਪੁੱਤਰ ਹਨ ? ਉਹ ਛੋਟੀ ਉਮਰ ਵਿੱਚ ਹੀ ਰਾਜਨੀਤੀ ਵਿੱਚ ਸ਼ਾਮਲ ਹੋ ਗਏ ਸਨ ਇਸ ਤੋਂ ਪਹਿਲਾਂ ਅਮਨ ਅਰੋੜਾ ਸੁਨਾਮ ਤੋਂ ਦੋ ਵਾਰ 2007 ਅਤੇ 2012 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਟਿਕਟ 'ਤੇ ਸੁਨਾਮ ਤੋਂ ਹੀ ਚੋਣ ਲੜੇ ਸਨ ਪਰ ਜਿੱਤ ਹਾਸਲ ਨਹੀਂ ਸੀ ਹੋਈ ? ਜਨਵਰੀ 2016 ਵਿੱਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਰਾਜਨੀਤੀ ਤੋਂ ਪ੍ਰਭਾਵਿਤ ਹੋ ਕੇ ਉਹ ਆਪ ਵਿੱਚ ਸ਼ਾਮਲ ਹੋ ਗਏ ਇਸ ਤੋਂ ਬਾਅਦ ਪੰਜਾਬ ਵਿੱਚ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਉਨ ਾਂ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ ? ਅਮਨ ਅਰੋੜਾ ਨੂੰ ਪੰਜਾਬ ਪ੍ਰਧਾਨ ਬਣਾਏ ਜਾਣ 'ਤੇ ਅਮਰੀਕ ਸਿੰਘ ਸਰਪੰਚ ਡੱਗੋਰੋਮਾਣਾ, ਚਮਕੌਰ ਸਿੰਘ ਸਰਪੰਚ ਹਰੀਏਵਾਲਾ, ਯਾਦਵਿੰਦਰ ਸਿੰਘ ਸਰਪੰਚ ਦਾਨਾਰੋਮਾਣਾ, ਗੁਰਦੀਪ ਸ਼ਰਮਾ ਬਲਾਕ ਪ੍ਰਧਾਨ ਅਤੇ ਜਗਦੀਪ ਸਿੰਘ 'ਆਪ' ਆਗੂ ਆਦਿ ਨੇ ਵੀ ਵਧਾਈ ਦਿੱਤੀ ਹੈ।

# ਸਰਕਾਰੀ ਸੀ.ਸੈ. ਸਕੂਲ ਲੱਖਪੁਰ ਵਿਖੇ ਲਗਾਇਆ ਵੋਟਰ ਸੂਚੀ ਸੁਧਾਈ ਸਬੰਧੀ ਦੋ ਰੋਜਾ ਕੈਂਪ

ਪੰਜਾਬ ਦਾ ਖੁਲਾਸਾ



**ਫਗਵਾੜਾ 24 ਨਵੰਬਰ ( ਪ੍ਰੀਤ ਕੌਰ ਪ੍ਰੀਤੀ)** ਮਾਣਯੋਗ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01.01.2025 ਦੇ ਅਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ ਦੀ ਮੁਹਿਮ ਨੂੰ ਅੱਗੇ ਤੋਰਦੇ ਹੋਏ ਉਪ ਮੰਡਲ ਮੈਜਿਸਟ੍ਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਫਗਵਾੜਾ-29 ਚੋਣ ਅਫਸਰ ਜਸ਼ਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਫਗਵਾੜਾ ਦੇ ਪਿੰਡ ਲੱਖਪੁਰ ਦੇ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲ ਸਥਿਤ ਬੂਥ ਨੰਬਰ 39 ਅਤੇ 40 'ਚ ਦੋ ਰੋਜਾ ਕੈਂਪ ਬੀ.ਐਲ.ਓ. ਪਰਮਜੀਤ ਸਿੰਘ ਅਤੇ ਸਰਬਜੀਤ ਕੁਮਾਰ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਵੋਟਰਾਂ ਦੇ ਦਾਅਵੇ ਤੇ ਇਤਰਾਜ ਪ੍ਰਾਪਤ ਕੀਤੇ ਗਏ। ਬੀ.ਐਲ.ਓਜ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਜਨਵਰੀ 2025 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਅਤੇ ਜਿਹਨਾਂ ਨੇ ਹੁਣ ਤੱਕ ਆਪਣੀ ਵੋਟ ਨਹੀਂ ਬਣਾਈ ਹੈ, ਉਹਨਾਂ ਦੀ ਦਸਤਾਵੇਜੀ ਖਾਨਾਪੂਰਤੀ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਇਹਨਾਂ ਕੈਂਪਾ ਦੌਰਾਨ ਨਵੀਂ ਵੋਟ ਬਨਾਉਣ ਲਈ ਫਾਰਮ ਨੰਬਰ 6 ਜਦਕਿ ਪ੍ਰਵਾਸ਼ੀ ਭਾਰਤੀਆਂ ਦੀ ਵੋਟ ਬਨਾਉਣ ਲਈ ਫਾਰਮ ਨੰਬਰ 6-ਏ ਅਤੇ ਵੋਟ ਕਟਵਾਉਣ ਲਈ ਫਾਰਮ ਨੰਬਰ 7, ਵੋਟ ਵੇਰਵਿਆਂ ਵਿਚ ਸੋਧ ਕਰਵਾਉਣ ਲਈ, ਡੁਪਲੀਕੇਟ ਵੋਟਰ ਕਾਰਡ ਲੈਣ, ਰਿਹਾਇਸ਼ੀ ਪਤਾ ਬਦਲਣ ਲਈ ਅਤੇ ਪੀ.ਡਬਲਯੂ.ਡੀ. ਮਾਰਕ ਕਰਵਾਉਣ ਲਈ ਫਾਰਮ ਨੰਬਰ 8 ਭਰ ਕੇ ਦਿੱਤੇ ਗਏ ਹਨ, ਤਾਂ ਜੋ ਉਹਨਾਂ ਦਾ ਨਾਮ ਸੁਧਾਈ ਤੋਂ ਬਾਅਦ ਪ੍ਰਕਾਸ਼ਿਤ ਹੋਣ ਵਾਲੀਆਂ ਅਗਲੀਆਂ ਵੋਟਰ ਸੂਚੀਆਂ ਵਿਚ ਸ਼ਾਮਲ ਕੀਤਾ ਜਾ ਸਕੇ ਅਤੇ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਹੋ ਸਕਣ। ਉਹਨਾਂ ਦੱਸਿਆ ਕਿ ਇਹ ਫਾਰਮ ਮੋਬਾਇਲ ਐਪ ਜਾਂ ਫਾਰਮ ਪੋਰਟਲ ਰਾਹੀਂ ਆਨਲਾਈਨ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਵਧੇਰੇ ਜਾਣਕਾਰੀ ਲਈ ਟੋਲ ਫਰੀ ਨੰਬਰ 1950 'ਤੇ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਮੇਜਰ ਸਿੰਘ, ਮੇਹਰ ਚੰਦ, ਜਤਿੰਦਰ ਸਿੰਘ, ਅਸ਼ੋਕ ਕੁਮਾਰ, ਦਵਿੰਦਰ ਸਿੰਘ, ਅਵਤਾਰ ਸਿੰਘ, ਵਿਜੇ ਕੁਮਾਰ, ਗੁਰਮੀਤ ਸਿੰਘ, ਮਹਿੰਦਰ ਸਿੰਘ, ਜਸਵਿੰਦਰ ਸਿੰਘ, ਕੁਲਵੰਤ ਸਿੰਘ ਆਦਿ ਹਾਜਰ ਸਨ।

# ਮਹਾਰਾਸ਼ਟਰ ਵਿਚ ਮਿਲੀ ਕਰਾਰੀ ਹਾਰ ਕਾਂਗਰਸ ਲਈ ਵੱਡਾ ਸਿਆਸੀ ਧੱਕਾ ਹੈ

ਮਹਾਰਾਸ਼ਟਰ ਅਤੇ ਝਾਰਖੰਡ ਦੀਆਂ ਵਿਧਾਨ ਸਭਾ ਲਈ ਹੋਈਆਂ ਚੋਣਾਂ ਤੇ ਦੇਸ਼ ਵਿਚ ਹੋਈਆਂ 14 ਰਾਜਾਂ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਇਕ ਵਾਰ ਫਿਰ ਰਾਜਨੀਤਕ ਤੌਰ ‘ਤੇ ਪ੍ਰਧਾਨ ਮੰਤਰੀ ਮੋਦੀ ਦੀ ਨੀਤੀਆਂ ਦਾ ਸਮਰਥਨ ਕੀਤਾ ਹੈ। ਸਥਾਨਕ ਮੁੱਦਿਆਂ ਨਾਲ ਉਲਝੇ ਹੋਏ ਉਕਤ ਰਾਜਾਂ ਵਿਚ ਮੁੱਖ ਮੰਤਰੀ ਕੌਣ ਤੇ ਕਿਸ ਧਿਰ ਦਾ ਹੋਵੇਗਾ? ਉਸ ਨੂੰ ਇਕ ਨਵੀਂ ਪਰਿਭਾਸ਼ਾ ਦਿੱਤੀ ਹੈ।

ਮਹਾਰਾਸ਼ਟਰ ਵਿਚ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਦੀ ਭਾਰੀ ਜਿੱਤ ਹੋਈ ਹਾਲਾਂਕਿ ਝਾਰਖੰਡ ਵਰਗੇ ਰਾਜ ਵਿਚ ਆਦਿਵਾਸੀ ਸਮਾਜ ਦੀ ਸੱਤਾ ਦੀ ਲੜਾਈ ‘ਚ ਝਾਰਖੰਡ ਮੁਕਤੀ ਮੋਰਚਾ ਅਤੇ ਕਾਂਗਰਸ ਦੀ ਸ਼ਮੂਲੀਅਤ ਵਾਲੇ ਇੰਡੀਆ ਗੱਠਜੋੜ ਨੇ ਸੱਤਾ ਵਿਚ ਵਾਪਸੀ ਕਰ ਲਈ ਹੈ। ਦੇਸ਼ ਦੇ ਦੂਜੀਆਂ ਥਾਵਾਂ ‘ਤੇ ਹੋਈਆਂ 40 ਤੋਂ ਵੱਧ ਵਿਧਾਨ ਸਭਾਵਾਂ ਲਈ ਜ਼ਿਮਨੀ ਚੋਣਾਂ ਦੇ ਨਤੀਜਿਆਂ ਵਿਚ ਵੀ ਯੂਪੀ ਵਿਚ ਭਾਜਪਾ ਅਤੇ ਯੋਗੀ ਦਾ ਜਿੱਤ ਮੰਤਰ ‘ਬਟੇਂਗੇ ਤੋ ਕਟੇਂਗੇ’ ਚੱਲ ਗਿਆ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਪੰਜਾਬ ‘ਚ ਆਮ ਆਦਮੀ ਪਾਰਟੀ (ਆਪ) ਦੇ ਜਾਦੂ ਨੂੰ ਅਜੇ ਵੀ ਆਮ ਲੋਕਾਂ ‘ਚ ਬਰਕਰਾਰ ਰੱਖਿਆ ਹੈ। ਮਹਾਰਾਸ਼ਟਰ ਵਿਚ ਮਹਾਯੁਤੀ ਅਰਥਾਤ ਐੱਨਡੀਏ ਅਲਾਇੰਸ ਨੇ ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਦੀ ਰੰਗਤ ਫਿੱਕੀ ਪਾ ਦਿੱਤੀ ਹੈ। ਇੱਥੇ 288 ਸੀਟਾਂ ਵਾਲੇ ਵਿਧਾਨ ਸਭਾ ਹਾਊਸ ਵਿਚ ਇਕੱਲੀ ਭਾਜਪਾ ਨੇ 133 ਤੋਂ ਵੱਧ ਸੀਟਾਂ ਜਿੱਤ ਕੇ ਆਪਣੀ ਸੱਤਾ ਨੂੰ ਬਰਕਰਾਰ ਰੱਖਿਆ ਹੈ।



ਉਸ ਦੀ ਅਗਵਾਈ ਵਾਲੇ ਗੱਠਜੋੜ ਨੂੰ 228 ਸੀਟਾਂ ਮਿਲੀਆਂ ਜੋ ਪਿਛਲੀ ਵਾਰ ਦੀਆਂ ਸੀਟਾਂ ਨਾਲੋਂ 37 ਜ਼ਿਆਦਾ ਹਨ ਤੇ ਊਧਵ ਠਾਕਰੇ ਤੇ ਕਾਂਗਰਸ ਤੇ ਸ਼ਰਦ ਪਵਾਰ ਦੀ ਨਮੋਸ਼ੀ ਭਰੀ ਹਾਰ ਹੋਈ ਹੈ। ਇਨ੍ਹਾਂ ਚੋਣਾਂ ਵਿਚ ਜੇ ਕਾਂਗਰਸ ਦਾ ਸਟ੍ਰਾਈਕ ਰੇਟ ਦੇਖਿਆ ਜਾਵੇ ਤਾਂ ਇਹ ਅੱਜ ਤੱਕ ਦੇ ਆਜ਼ਾਦੀ ਦੇ ਇਤਿਹਾਸ ਤੋਂ ਬਾਅਦ ਸਭ ਤੋਂ ਬੁਰਾ ਹੈ। ਇਹ ਸਿਰਫ਼ 10.64 ਹੈ ਜਿੱਥੇ ਕਿ ਭਾਜਪਾ ਦਾ ਸਟ੍ਰਾਈਕ ਰੇਟ 85.5 ਹੈ। ਇੱਥੇ ਭਾਜਪਾ ਦੀਆਂ ਉਹ ਨੀਤੀਆਂ ਜਿਨ੍ਹਾਂ ਵਿਚ ‘ਲਾਡਲੀ ਬਹਿਨਾ’ ਯੋਜਨਾ ਅਤੇ ਕਿਸਾਨਾਂ ਦੇ ਮੁੱਦੇ ਸ਼ਾਮਲ ਸਨ ਉਨ੍ਹਾਂ ਨੂੰ ਜ਼ਮੀਨੀ ਪੱਧਰ ‘ਤੇ ਮਾਈਕਰੋ ਮੈਨੇਜਮੈਂਟ ਦੇ ਨਾਲ ਵੇਖਿਆ ਗਿਆ। ਓਧਰ ਹੁਣ ਸਾਫ਼ ਹੈ ਕਿ ਝਾਰਖੰਡ ਵਰਗੇ ਰਾਜ ਵਿਚ ਕੁੱਲ 81 ਸੀਟਾਂ ਵਿੱਚੋਂ ਇੰਡੀਆ ਅਲਾਇੰਸ 57 ਅਤੇ ਐੱਨਡੀਏ ਦੀਆਂ ਸੀਟਾਂ 29 ਤੋਂ ਘਟ ਕੇ 23 ਤੱਕ ਸੀਮਤ ਹੋ ਗਈਆਂ ਹਨ। ਲੋਕ ਸਭਾ ਲਈ ਦੋ ਹਲਕਿਆਂ ਨਾਂਦੇੜ ਅਤੇ ਵਾਇਨਾਡ ‘ਚੋਂ ਇਕ ਭਾਜਪਾ ਤੇ ਇਕ ਕਾਂਗਰਸ ਦੀ ਝੋਲੀ ਪਈ ਹੈ। ਨਾਂਦੇੜ ਦੀ ਲੋਕ ਸਭਾ ਸੀਟ ‘ਤੇ ਭਾਜਪਾ ਦੀ ਧਮਾਕੇਦਾਰ ਜਿੱਤ ਹੋਈ ਜਦਕਿ ਵਾਇਨਾਡ ਸੀਟ ਤੋਂ ਕਾਂਗਰਸ ਦੀ ਪ੍ਰਿਅੰਕਾ ਗਾਂਧੀ ਦੀ ਚਾਰ ਲੱਖ ਵੋਟਾਂ ਤੋਂ ਉੱਪਰ ਦੀ ਜਿੱਤ ਇਹ ਦਿਖਾਉਂਦੀ ਹੈ ਕਿ ਦੱਖਣ ‘ਚ ਅਜੇ ਵੀ ਕਾਂਗਰਸ ਅਤੇ ਦੂਸਰੀਆਂ ਪਾਰਟੀਆਂ ਦਾ ਬੋਲਬਾਲਾ ਹੈ। ਉੱਥੇ ਭਾਰਤੀ ਜਨਤਾ ਪਾਰਟੀ ਦੀ ਨਵੀਂ ਉਮੀਦਵਾਰ ਤੀਜੇ ਨੰਬਰ ‘ਤੇ ਰਹੀ।

ਯੂਪੀ ਵਿਚ ਭਾਜਪਾ ਦੇ ਮੁੱਖ ਮੰਤਰੀ ਯੋਗੀ ਨੇ ਸਮਾਜਵਾਦੀ ਪਾਰਟੀ ਨੂੰ ਸ਼ੀਸ਼ਾ ਦਿਖਾਉਂਦਿਆਂ ਹੋਇਆਂ ਨੌਂ ਸੀਟਾਂ ਵਿੱਚੋਂ ਸੱਤ ਜਿੱਤੀਆਂ ਹਨ ਅਤੇ ਯੂਪੀ ਦੇ ਇਨ੍ਹਾਂ ਚੋਣ ਨਤੀਜਿਆਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਭਾਰਤ ਵਰਗੇ ਵੱਡੇ ਦੇਸ਼ ਵਿਚ ਜਿੱਥੇ ਅਲੱਗ-ਅਲੱਗ ਭਾਸ਼ਾਵਾਂ ਤੇ ਅਲੱਗ-ਅਲੱਗ ਸਥਾਨਕ ਮੁੱਦੇ ਹਨ, ਉੱਥੇ ਸਥਾਨਕ ਪਾਰਟੀਆਂ ਦੀ ਭੂਮਿਕਾ ਵੀ ਅਲੱਗ-ਅਲੱਗ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਵਿਚ ਭਗਵੰਤ ਮਾਨ ਨੇ ਚਾਰ ਸੀਟਾਂ ਲਈ ਜ਼ਿਮਨੀ ਚੋਣਾਂ ਨੂੰ ਆਪਣੀ ਹੋਂਦ ਅਤੇ ਇੱਜ਼ਤ ਦਾ ਮੁੱਦਾ ਬਣਾ ਲਿਆ ਸੀ। ਉਨ੍ਹਾਂ ਨੇ ਵੱਕਾਰ ਦਾ ਸਵਾਲ ਬਣਾ ਕੇ ਲੜੀਆਂ ਚੋਣਾਂ ‘ਚੋਂ ਤਿੰਨ ਸੀਟਾਂ ‘ਤੇ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਹਾਸਲ ਕਰਵਾ ਦਿੱਤੀ। ਇਸ ਦਾ ਸਿੱਧਾ ਅਰਥ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਵੋਟ ਬੈਂਕ ਕਾਂਗਰਸ ਅਤੇ ਆਪ ਵਿਚ ਵੰਡਿਆ ਗਿਆ ਹੈ। ਓਧਰ ਯੂਪੀ ਵਿਚ ਯੋਗੀ ਦੀਆਂ ਨੀਤੀਆਂ ਅਤੇ ਹਿੰਦੂਤਵੀ ਚਿਹਰੇ ਨੇ ਇਕ ਵਾਰ ਫਿਰ ਤੋਂ ਸਿੱਧ ਕਰ ਦਿੱਤਾ ਹੈ ਕਿ ਯੂਪੀ ‘ਤੇ ਹਾਲੇ ਵੀ ਭਾਜਪਾ ਦੀ ਪਕੜ ਹੈ ਅਤੇ ਇਹ ਇਕ ਵਾਰ ਫਿਰ 2029 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਆਪਣਾ ਜਲਵਾ ਦਿਖਾ ਸਕਦੀ ਹੈ।

ਮਹਾਰਾਸ਼ਟਰ ਦੇ ਚੋਣ ਨਤੀਜਿਆਂ ਨੂੰ ਦੇਖਦੇ ਹੋਏ ਆਉਣ ਵਾਲੇ ਦਿਨਾਂ ‘ਚ ਮਹਾਰਾਸ਼ਟਰ ਵਿਚ ਮਹਾਯੁਤੀ ਅਰਥਾਤ ਐੱਨਡੀਏ ਗਠਬੰਧਨ ਵਿੱਚੋਂ ਕੀ ਏਕਨਾਥ ਸ਼ਿੰਦੇ ਦੁਬਾਰਾ ਮੁੱਖ ਮੰਤਰੀ ਬਣਨਗੇ? ਇਹ ਸਵਾਲ ਹੁਣ ਵੱਡਾ ਮੁੱਦਾ ਹੈ। ਇਨ੍ਹਾਂ ਉਪ ਚੋਣਾਂ ਅਤੇ ਦੋ ਰਾਜਾਂ ਦੇ ਨਤੀਜਿਆਂ ਤੋਂ ਬਾਅਦ ਕੀ ਹੁਣ ਇਹ ਅੰਦਾਜ਼ਾ ਲਗਾਉਣਾ ਚਾਹੀਦਾ ਹੈ ਕਿ ਇਹ ਬਾਜ਼ੀ ਇਕ-ਇਕ ਦੀ ਬਰਾਬਰੀ ‘ਤੇ ਰਹੀ। ਸਭ ਤੋਂ ਜ਼ਿਆਦਾ ਨੁਕਸਾਨ ਕਾਂਗਰਸ ਦਾ ਹੋਇਆ ਹੈ। ਕਾਂਗਰਸ ਨੂੰ ਮਹਾਰਾਸ਼ਟਰ ਵਿਚ ਜਿਸ ਤਰ੍ਹਾਂ ਦੀ ਹਾਰ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ ਓਥੇ ਹੀ ਝਾਰਖੰਡ ਵਿਚ ਭਾਜਪਾ ਨੂੰ। ਉੱਥੇ ਸਭ ਤੋਂ ਵੱਡੀ ਪਾਰਟੀ ਝਾਰਖੰਡ ਮੁਕਤੀ ਮੋਰਚਾ ਉੱਭਰ ਕੇ ਸਾਹਮਣੇ ਆਈ ਹੈ। ਇੱਥੇ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਜਿਸ ਤਰ੍ਹਾਂ ਦੇ ਨਤੀਜੇ ਮਹਾਰਾਸ਼ਟਰ ਵਿਚ ਆਏ ਹਨ, ਉੱਥੇ ਹੁਣ ਵਿਧਾਨ ਸਭਾ ‘ਚ ਕੋਈ ਵੀ ਲੀਡਰ ਆਫ ਆਪੋਜੀਸ਼ਨ ਨਹੀਂ ਬਣ ਸਕਦਾ। ਇਨ੍ਹਾਂ ਦੋ ਰਾਜਾਂ ਤੇ ਉਪ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਇਹ ਅੰਦਾਜ਼ਾ ਭਲੀਭਾਂਤ ਲਾਇਆ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਲੋਕ ਸਭਾ ਦੇ ਨਾਲ-ਨਾਲ ਕਈ ਹੋਰ ਵਿਧਾਨ ਸਭਾਵਾਂ ਦੇ ਚੋਣ ਨਤੀਜੇ ਕਿਹੋ ਜਿਹੇ ਹੋਣਗੇ। ਇਹੀ ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਦੀ ਨਿਸ਼ਾਨੀ ਹੈ ਕਿ ਲੋਕ ਸੱਤਾ ਨੂੰ ਇੱਕ ਸਕਿੰਟ ਬਦਲ ਸਕਦੇ ਹਨ।

# ਪੰਜਾਬ ਵਿੱਚ ਆਵਾਸ-ਪਰਵਾਸ ਦੇ ਮਸਲੇ

ਪੰਜਾਬ ਦੀਆਂ ਪੰਚਾਇਤੀ ਚੋਣਾਂ ਦੇ ਨਤੀਜਿਆਂ ਨਾਲ ਜੁੜੇ ਹੋਰ ਮੁੱਦਿਆਂ ਤੋਂ ਇਲਾਵਾ ਇੱਕ ਅਹਿਮ ਮੁੱਦਾ ਇਹ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਵਿੱਚ ਆਬਾਦੀ ਦਾ ਸਮੀਕਰਨ ਬਦਲ ਰਿਹਾ ਹੈ; ਭਾਵ, ਆਬਾਦੀ ਦੀ ਬਣਤਰ ਵਿੱਚ ਤਬਦੀਲੀ ਆ ਰਹੀ ਹੈ। ਬਾਹਰਲੇ ਰਾਜਾਂ ਤੋਂ ਆ ਕੇ ਲੋਕ ਇੱਥੇ ਵੱਸ ਗਏ ਹਨ। ਨਾਲ ਹੀ ਇਥੋਂ ਦੇ ਲੋਕ ਪੰਜਾਬੋਂ ਬਾਹਰ ਜਾ ਰਹੇ ਹਨ, ਪਿੰਡ ਖਾਲੀ ਹੋ ਰਹੇ ਹਨ, ਪੰਜਾਬ ਦੀ ਸਥਾਨਕ ਆਬਾਦੀ ਘੱਟ ਰਹੀ ਹੈ। ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀ ਪੰਚਾਇਤੀ ਚੋਣਾਂ ਵਿੱਚ ਪੰਚ-ਸਰਪੰਚ ਬਣ ਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਉੱਪਰ ਹਾਵੀ ਹੋਣ ਦੀ ਪ੍ਰਕਿਰਿਆ ਵਿੱਚ ਹਨ, ਪੰਜਾਬੀ ਸੱਭਿਆਚਾਰ ਖ਼ਤਰੇ ਵਿੱਚ ਹੈ।

2011 ਤੋਂ ਬਾਅਦ 2021 ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਨਹੀਂ ਹੋਈ। ਇਸ ਕਾਰਨ ਪੰਜਾਬ ਤੋਂ ਬਾਹਰ ਜਾਣ ਅਤੇ ਪੰਜਾਬ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਬਾਰੇ ਸਰਕਾਰੀ ਤੌਰ ‘ਤੇ ਜਾਣਕਾਰੀ ਪ੍ਰਾਪਤ ਨਾ ਹੋਣ ਕਾਰਨ ਕੇਵਲ ਅੰਦਾਜ਼ੇ ਹੀ ਹਨ; ਜਾਂ ਪ੍ਰਾਈਵੇਟ ਤੌਰ ‘ਤੇ ਯੂਨੀਵਰਸਿਟੀਆਂ ਜਾਂ ਹੋਰ ਸੰਸਥਾਵਾਂ ਦੇ ਖੋਜ ਅਧਿਐਨ ਹੀ ਮਿਲਦੇ ਹਨ। ਇਹ ਅਧਿਐਨ ਵੀ ਮੁੱਖ ਰੂਪ ਵਿੱਚ ਪੰਜਾਬ ਤੋਂ ਬਾਹਰ ਜਾਣ ਵਾਲਿਆਂ ਨਾਲ ਸਬੰਧਿਤ ਹਨ। ਸਥਾਨਕ ਆਬਾਦੀ ਵਿੱਚ ਬਾਹਰੋਂ ਕਿੰਨੇ ਲੋਕ, ਕਿਹੜੇ ਰਾਜਾਂ ਤੋਂ, ਕਦੋਂ ਆਏ, ਇਹ ਮਰਦਮਸ਼ੁਮਾਰੀ ਜਾਂ ਹੋਰ ਸਰਕਾਰੀ ਅੰਕੜਿਆਂ ਦੀ ਅਣਹੋਂਦ ਕਾਰਨ ਕਿਆਸਅਰਾਈਆਂ ਹਨ। ਆਬਾਦੀ ਵਿੱਚ ਆਈ ਤਬਦੀਲੀ ਬਾਰੇ ਜੋ ਪ੍ਰਚਾਰਿਆ ਜਾ ਰਿਹਾ ਹੈ ਤੇ ਅਸਲੀਅਤ ਕੀ ਹੈ, ਇਹ ਡੂੰਘੀ ਵਿਚਾਰ ਚਰਚਾ ਦਾ ਵਿਸ਼ਾ ਹੈ। ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਜਾਣਾ ਅਤੇ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਆਉਣਾ, ਦੋਹਾਂ ਨੂੰ ਵੱਖੋ-ਵੱਖਰੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਇੱਕ ਪ੍ਰਕਿਰਿਆ ਦਾ ਸਵਾਗਤ ਕੀਤਾ ਜਾ ਰਿਹਾ ਹੈ, ਦੂਜੀ ਨੂੰ ਨਕਾਰਿਆ ਜਾ ਰਿਹਾ ਹੈ।

ਭਾਰਤ, ਖਾਸ ਤੌਰ ‘ਤੇ ਪੰਜਾਬ ਤੋਂ ਪਰਵਾਸ ਕਰਨ ਦਾ ਰੁਝਾਨ ਕੋਈ ਨਵਾਂ ਨਹੀਂ। ਕੇਰਲ ਤੋਂ ਬਾਅਦ ਪੰਜਾਬ ਦਾ ਹੀ ਨੰਬਰ ਆਉਂਦਾ ਹੈ ਜਿਥੋਂ ਸਭ ਤੋਂ ਵਧੇਰੇ ਲੋਕ ਦੂਜੇ ਮੁਲਕਾਂ ਨੂੰ ਗਏ ਹਨ। ਲੋਕ ਪਹਿਲਾਂ ਵੀ ਉਚੇਰੀ ਵਿਦਿਆ ਵਾਸਤੇ ਬਾਹਰਲੀਆਂ ਯੂਨੀਵਰਸਿਟੀਆਂ ਆਦਿ ਵਿੱਚ ਜਾਂਦੇ, ਡਿਗਰੀਆਂ ਲੈਂਦੇ ਤੇ ਵਾਪਸ ਵਤਨ ਪਰਤ ਕੇ ਇੱਥੇ ਨੌਕਰੀ ਆਦਿ ਕਰਦੇ ਸਨ। ਮਜ਼ਦੂਰ ਜਮਾਤ ਵਿੱਚੋਂ ਵੀ ਦੁਬਈ, ਇਟਲੀ ਤੇ ਮੱਧ ਏਸ਼ੀਆ ਦੇ ਹੋਰ ਦੇਸ਼ਾਂ ਵਿੱਚ ਜਾਂਦੇ ਸਨ। 1970ਵਿਆਂ ਵਿੱਚ ਪੰਜਾਬ ਦੀ ਖੇਤੀਬਾੜੀ ਦਾ ਪੈਟਰਨ ਤਬਦੀਲ ਹੋਇਆ। ਝੋਨੇ ਦੀ ਲੁਆਈ ਵਾਸਤੇ ਯੂਪੀ, ਬਿਹਾਰ ਤੋਂ ਮਜ਼ਦੂਰ ਪੰਜਾਬ ਵਿੱਚ ਆਉਂਦੇ ਸਨ। ਸੀਜ਼ਨ ਖਤਮ ਹੋਣ ਪਿੱਛੋਂ ਕੁਝ ਪਰਤ ਜਾਂਦੇ ਤੇ ਕੁਝ ਵਾਪਸ ਜਾਣ ਦੀ ਬਜਾਇ ਫੈਕਟਰੀਆਂ ਆਦਿ ਵਿੱਚ ਕੰਮ ਕਰਨ ਲਗਦੇ। ਹੌਲੀ-ਹੌਲੀ ਉਹਨਾਂ ਆਪਣੇ ਪਰਿਵਾਰਕ ਜੀਅ ਬੁਲਾਉਣੇ ਸ਼ੁਰੂ ਕਰ ਦਿੱਤੇ। ਕੁਝ ਮਜ਼ਦੂਰਾਂ ਨੇ ਮਿਹਨਤ ਮਜ਼ਦੂਰੀ ਕਰ ਕੇ ਗੁਜ਼ਾਰੇ ਜੋਗੇ ਘਰ ਵੀ ਬਣਾ ਲਏ। ਉਹਨਾਂ ਦੇ ਇੱਥੇ ਰਹਿੰਦੇ ਹੋਏ ਬਾਲ-ਬੱਚੇ ਵੀ ਹੋਏ ਜਿਹੜੇ ਹੁਣ ਪੰਜਾਬੀ ਹਨ, ਪੰਜਾਬੀ ਬੋਲਦੇ ਹਨ, ਪੰਜਾਬੀ ਸਕੂਲਾਂ ਵਿੱਚ ਪੜ੍ਹਦੇ ਹਨ।

ਇਹ ਸਾਰਾ ਪੈਟਰਨ ਲਗਭਗ ਉਹੀ ਹੈ ਜਿਹੜਾ ਸਾਡੇ ਬੱਚੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਕਰਦੇ ਹਨ। ਸਾਡੇ ਬੱਚੇ ਭਾਵੇਂ ਉਹ ਵਿਦਿਆਰਥੀ ਵੀਜ਼ੇ ‘ਤੇ ਜਾਣ ਜਾਂ ਵਿਜ਼ਿਟਰ ਵੀਜ਼ੇ ‘ਤੇ ਹੋਣ, ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਜਲਦੀ ਤੋਂ ਜਲਦੀ ਵਰਕ ਪਰਮਿਟ ਮਿਲ ਜਾਏ। ਪੀਆਰ ਹੋ ਜਾਏ ਜਾਂ ਗਰੀਨ ਕਾਰਡ ਮਿਲ ਜਾਵੇ। ਉਹ ਉੱਥੇ ਪਹਿਲਾਂ ਕੁਝ ਮਹੀਨੇ ਜਾਂ ਇੱਕ ਦੋ ਸਾਲ ਬੇਸਮੈਂਟ ਆਦਿ ਵਿੱਚ ਇਕੱਠੇ ਰਹਿਣ ਮਗਰੋਂ ਆਪਣਾ ਵੱਖੋ-ਵੱਖਰਾ ਘਰ ਲੈ ਲੈਂਦੇ ਹਨ। ਇਸੇ ਦੌਰਾਨ ਉਹ ਵਿਆਹ ਆਦਿ ਵੀ ਉਥੋਂ ਦੇ ਪੱਕੇ ਨਿਵਾਸੀ ਨਾਲ ਕਰਵਾਉਂਦੇ ਹਨ। ਉਹਨਾਂ ਦੇ ਉੱਥੇ ਪੈਦਾ ਹੋਏ ਬੱਚੇ ਕਾਨੂੰਨਨ ਉਥੋਂ ਦੇ ਹੀ ਨਾਗਰਿਕ ਕਹਾਉਂਦੇ ਹਨ। ਕੁਝ ਕੁ 40-45 ਸਾਲ ਦੀ ਉਮਰ ਵਿੱਚ ਉਹਨਾਂ ਦੀ ਸਥਾਨਕ ਰਾਜਨੀਤੀ ਵਿੱਚ ਸ਼ਾਮਿਲ ਹੋ ਕੇ ਉੱਥੇ ਦੇ ਮੇਅਰ, ਐੱਮਐੱਲਏ ਜਾਂ ਮੰਤਰੀ ਆਦਿ ਵੀ ਬਣ ਜਾਂਦੇ ਹਨ। ਅਸੀਂ ਇਸ ਵਰਤਾਰੇ ਦਾ ਸਵਾਗਤ ਕਰਦੇ ਹਾਂ ਤੇ ਮਾਣ ਵੀ ਮਹਿਸੂਸ ਕਰਦੇ ਹਾਂ। ਅਸੀਂ ਬਾਬੇ ਨਾਨਕ ਦਾ ਹਵਾਲਾ ਦਿੰਦੇ ਵੀ ਨਹੀਂ ਝਕਦੇ ਕਿ ਉਹਨਾਂ ਦੀ ਅਸੀਸ ਮੁਤਾਬਿਕ ਉੱਜੜ ਕੇ ਸਾਰੀ ਦੁਨੀਆ ਵਿੱਚ ਫੈਲ ਗਏ ਹਾਂ ਤੇ ਆਪਣੀ ਬੋਲੀ ਤੇ ਸੱਭਿਆਚਾਰ ਦਾ ਇਹਨਾਂ ਦੇਸ਼ਾਂ ਵਿੱਚ ਪਸਾਰ ਕਰ ਰਹੇ ਹਾਂ।

ਵਿਡੰਬਨਾ ਇੱਥੇ ਹੀ ਆਉਂਦੀ ਹੈ ਜਦੋਂ ਅਸੀਂ ਕੈਨੇਡਾ, ਯੂਕੇ, ਅਮਰੀਕਾ, ਆਸਟਰੇਲੀਆ ਆਦਿ ਵਿੱਚ ਜਾ ਕੇ ਉਥੋਂ ਦੀ ਰਾਜਨੀਤੀ ਵਿੱਚ ਤਾਂ ਸ਼ਾਮਲ ਹੋ ਜਾਂਦੇ ਹਾਂ, ਵੱਡੇ ਰੁਤਬੇ ਵੀ ਹਾਸਲ ਕਰ ਸਕਦੇ ਹਾਂ, ਫਿਰ ਪੰਜਾਬ ਵਿੱਚ ਯੂਪੀ, ਬਿਹਾਰ ਜਾਂ ਹੋਰ ਰਾਜਾਂ ਤੋਂ ਆਏ ਪਰਵਾਸੀ ਇੱਥੇ ਪੰਚ ਜਾਂ ਸਰਪੰਚ ਕਿਉਂ ਨਹੀਂ ਬਣ ਸਕਦੇ? ਮੁਹਾਲੀ ਜਾਂ ਹੋਰ ਸ਼ਹਿਰਾਂ ਦੁਆਲੇ ਬਣੀਆਂ ਬਸਤੀਆਂ ਖਤਮ ਕਰ ਕੇ 50-50 ਗਜ਼ ਦੇ ਪਲਾਟਾਂ ਵਿੱਚ ਦੋ ਕਮਰਿਆਂ ਦੇ ਘਰ ਬਣਾ ਕੇ ਰਹਿਣ ਵਾਲੇ ਪਰਵਾਸੀ ਸਾਡੀਆਂ ਅੱਖਾਂ ਵਿੱਚ ਕਿਉਂ ਰੜਕਦੇ ਹਨ? ਕੁਝ ਲੋਕ ਇਹ ਚਿੰਤਾ ਜ਼ਾਹਿਰ ਕਰ ਰਹੇ ਹਨ ਕਿ ਇਹ ਪਰਵਾਸੀ ਆ ਕੇ ਪਿੰਡਾਂ ਵਿੱਚ



ਹੀ ਨਹੀਂ, ਸ਼ਹਿਰਾਂ ਦੀਆਂ ਕੋਠੀਆਂ ਵਿੱਚ ਵੀ ਰਹਿਣ ਲੱਗੇ ਹਨ। ਅਸੀਂ ਦੁਹਾਈ ਪਾ ਰਹੇ ਹਾਂ ਕਿ ਸਾਡੇ ਪਿੰਡ ਉੱਜੜ ਰਹੇ ਹਨ, ਨੌਜਵਾਨ ਰੁਜ਼ਗਾਰ ਤੇ ਬਿਹਤਰ ਜ਼ਿੰਦਗੀ ਦੇ ਸੁਪਨੇ ਲੈ ਕੇ ਬਾਹਰ ਜਾ ਰਹੇ ਹਨ, ਪਿੱਛੇ ਬਜ਼ੁਰਗ ਮਾਪੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ। ਉਹ ਆਪਣੇ ਆਪ ਨੂੰ ਅਣਗੌਲਿਆ ਤੇ ਫਾਲਤੂ ਦਾ ਸਮਝਣ ਲਈ ਮਜਬੂਰ ਹਨ। ਜੇ ਕੋਈ ਯੂਪੀ, ਬਿਹਾਰ, ਹਿਮਾਚਲ ਜਾਂ ਜੰਮੂ ਕਸ਼ਮੀਰ ਤੋਂ ਇੱਥੇ ਪੰਜਾਬ ਵਿੱਚ ਆਇਆ ਪਰਵਾਸੀ ਪਰਿਵਾਰ ਉਹਨਾਂ ਦੀ ਸਾਂਭ-ਸੰਭਾਲ ਕਰ ਰਿਹਾ ਹੈ ਤਾਂ ਅਸੀਂ ਇਹ ਕਹਿੰਦੇ ਹਾਂ ਕਿ ਹੁਣ ਸ਼ਹਿਰਾਂ ਦੀਆਂ ਕੋਠੀਆਂ ਵਿੱਚ ਇਹ ਲੋਕ ਕਾਬਜ਼ ਹੋ ਰਹੇ ਹਨ। ਇਨ੍ਹਾਂ ਖਿਲਾਫ ਬੜੇ ਮੰਦਭਾਗੇ ਨਾਅਰੇ ਘੜੇ ਜਾ ਰਹੇ ਹਨ। ਇਸ ਦੋਗਲੀ ਨੀਤੀ ਬਾਰੇ ਸੰਜੀਦਗੀ ਨਾਲ ਵਿਚਾਰਨ ਦੀ ਜ਼ਰੂਰਤ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅਧਿਐਨ ਅਨੁਸਾਰ, 2016 ਤੋਂ 2021 ਤੱਕ ਪੰਜ ਸਾਲਾਂ ਦੌਰਾਨ ਪੰਜਾਬ ਵਿੱਚੋਂ 10 ਲੱਖ ਦੇ ਕਰੀਬ ਲੋਕ ਬਾਹਰਲੇ ਮੁਲਕਾਂ ਨੂੰ ਗਏ ਹਨ। ਵਿਦੇਸ਼ ਮਹਿਕਮੇ ਅਨੁਸਾਰ, ਇਹਨਾਂ ਵਿਚੋਂ ਤਕਰੀਬਨ 38% ਵਿਦਿਆਰਥੀ ਵੀਜੇ? ‘ਤੇ ਗਏ ਸਨ। 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਬਾਹਰਲੇ ਰਾਜਾਂ ਤੋਂ ਪੰਜਾਬ ਵਿੱਚ ਲਗਭਗ 20.8 ਲੱਖ ਦੇ ਕਰੀਬ ਪਰਵਾਸੀ ਲੋਕ ਆ ਚੁੱਕੇ ਸਨ ਜਿਨ੍ਹਾਂ ਵਿੱਚ ਮੁੱਖ ਤੌਰ ‘ਤੇ ਯੂਪੀ ਤੋਂ 6.5 ਲੱਖ, ਹਰਿਆਣਾ ਤੋਂ 5.5 ਲੱਖ, ਬਿਹਾਰ ਤੋਂ 3.5 ਲੱਖ, ਹਿਮਾਚਲ ਪ੍ਰਦੇਸ਼ ਤੋਂ 2.1 ਅਤੇ ਰਾਜਸਥਾਨ ਤੋਂ 2 ਲੱਖ ਸਨ। 70 ਹਜ਼ਾਰ ਜੰਮੂ ਕਸ਼ਮੀਰ ਅਤੇ 55 ਹਜ਼ਾਰ ਉੱਤਰਾਖੰਡ ਤੋਂ ਵੀ ਆਏ ਸਨ। 2011 ਵਿੱਚ ਪੰਜਾਬ ਦੀ ਆਬਾਦੀ 2 ਕਰੋੜ 77 ਲੱਖ ਸੀ। ਇਉਂ ਪੰਜਾਬ ਵਿੱਚ ਬਾਹਰਲੇ ਰਾਜਾਂ ਤੋਂ ਆਏ ਪਰਵਾਸੀ ਕੁਲ ਵਸੋਂ ਦਾ ਲਗਭਗ 7.5% ਸਨ। ਇਨ੍ਹਾਂ ਵਿੱਚੋਂ ਯੂਪੀ, ਬਿਹਾਰ ਤੋਂ ਆਏ ਲੋਕ ਪੰਜਾਬ ਦੀ ਆਬਾਦੀ ਦਾ 3.6% ਸਨ। ਬਾਕੀ 92.5% ਆਬਾਦੀ ਆਪਣੇ ਪੰਜਾਬ ਵਿੱਚ ਪੈਦਾ ਹੋਏ ਲੋਕਾਂ ਦੀ ਸੀ।

ਪੰਜਾਬ ਦੀ ਆਬਾਦੀ ਦਾ ਦਹਾਕੇਵਾਰ ਵਾਧਾ 2001 ਵਿੱਚ 20.1% ਤੋਂ ਘਟ ਕੇ 2011 ਵਿੱਚ 13.9% ਹੋ ਗਿਆ। ਇਸ ਘਾਟੇ ਦਾ ਮੁੱਖ ਕਾਰਨ ਜਨਮ ਦਰ ਘਟਣਾ ਹੈ ਜਿਹੜਾ ਇਸ ਦੇ ਵਿਕਸਿਤ ਰਾਜ ਹੋਣ ਦੇ ਪਿਛੋਕੜ ਨਾਲ ਜੁੜਦਾ ਹੈ। ਕਿਸੇ ਵੀ ਇਲਾਕੇ ਦੇ ਸਮਾਜਿਕ ਆਰਥਿਕ ਵਿਕਾਸ ਅਤੇ ਉਥੋਂ ਦੀ ਕੁੱਲ ਜਨਣ ਸਮਰੱਥਾ ਦਰ (Total Fertility Rate) ਦਾ ਉਲਟਾ ਸਬੰਧ ਹੁੰਦਾ ਹੈ। ਇਹੀ ਕਾਰਨ ਹੈ, ਜਿਉਂ-ਜਿਉਂ ਕਿਸੇ ਦੇਸ਼ ਜਾਂ ਰਾਜ ਦਾ ਵਿਕਾਸ ਹੁੰਦਾ ਹੈ ਉੱਥੇ ਜਨਮ ਦਰ ਘਟਣ ਲੱਗਦੀ ਹੈ। ਪੰਜਾਬ 1990ਵਿਆਂ ਤੋਂ ਬਾਅਦ ਇਸੇ ਵਰਤਾਰੇ ਵਿੱਚੋਂ ਗੁਜ਼ਰਿਆ। ਆਬਾਦੀ ਵਾਧੇ ਦੀ ਦਰ ਘਟਣ ਦਾ ਦੂਜਾ ਕਾਰਨ ਹੈ ਪੰਜਾਬ ਵਿੱਚੋਂ ਬਾਹਰਲੇ ਮੁਲਕਾਂ ਵੱਲ ਪਰਵਾਸ ਜਿਹੜਾ ਪੰਜਾਬ ਦੇ ਵਿਕਾਸ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਆਏ ਨਿਘਾਰ ਵੱਲ ਇਸ਼ਾਰਾ ਕਰਦਾ ਹੈ। ਇਹ ਕੁਦਰਤੀ ਵਰਤਾਰਾ ਹੈ ਕਿ ਲੋਕ ਘੱਟ ਵਿਕਸਿਤ ਥਾਵਾਂ ਤੋਂ ਵਧੇਰੇ ਵਿਕਸਿਤ ਥਾਵਾਂ ਵੱਲ ਪਰਵਾਸ ਕਰਦੇ ਹਨ। ਸਾਡੇ ਬੱਚੇ ਹੈਦਰਾਬਾਦ, ਬੰਗਲੌਰ, ਚੇਨਈ, ਨੋਇਡਾ ਵਰਗੇ ਸਥਾਨਾਂ ‘ਤੇ ਵਧੀਆ ਨੌਕਰੀਆਂ ਲਈ ਜਾ ਰਹੇ ਹਨ। ਇਵੇਂ ਹੀ ਪੰਜਾਬ ‘ਚ ਵੀ ਲੋਕ ਆਉਣਗੇ। ਆਵਾਸ-ਪਰਵਾਸ ਦੀ ਪ੍ਰਕਿਰਿਆ ਦੌਰਾਨ ਖ਼ਤਰਾ ਉਦੋਂ ਹੁੰਦਾ ਹੈ ਜਦੋਂ ਸਥਾਨਕ ਲੋਕਾਂ ਦੀ ਗਿਣਤੀ ਮੁਕਾਬਲਤਨ ਘਟਣ ਲੱਗਦੀ ਹੈ; ਬਾਹਰਲੇ ਉਹਨਾਂ ਉੱਪਰ ਕਾਬਜ਼ ਹੋਣ ਲੱਗਦੇ ਹਨ। ਪੰਜਾਬ ‘ਚ ਅਜੇ ਇਹ ਹਾਲਤ ਨਹੀਂ।

ਪੰਜਾਬ ਵਿੱਚੋਂ ਉਦਯੋਗ ਰਾਜ ਤੋਂ ਬਾਹਰ ਜਾਣ ਕਾਰਨ ਹੁਣ ਮਜ਼ਦੂਰਾਂ ਤੇ ਵਰਕਰਾਂ ਦੀ ਮੰਗ ਮੁਕਾਬਲਤਨ ਘਟ ਗਈ ਹੈ। ਵਿਕਾਸ ਦੇ ਪੱਖ ਤੋਂ ਪੰਜਾਬ ਮੱਧ 90ਵਿਆਂ ਵਿੱਚ ਨੰਬਰ ਇੱਕ ਤੋਂ ਘਟ ਕੇ ਹੁਣ 16ਵੇਂ 17ਵੇਂ ਸਥਾਨ ‘ਤੇ ਖਿਸਕ ਗਿਆ ਹੈ। ਪੰਜਾਬ ਵਿੱਚ ਬਾਹਰਲੇ ਰਾਜਾਂ ਤੋਂ ਵਧੇਰੇ ਕਰ ਕੇ ਮਜ਼ਦੂਰ ਜਮਾਤ ਦਾ ਪਰਵਾਸ ਹੋਇਆ ਜਿਹੜਾ ਮੁੱਖ ਰੂਪ ਵਿੱਚ ਖੇਤੀ ਖੇਤਰ ਵਿੱਚ ਝੋਨੇ ਦੀ ਬਿਜਾਈ ਤੇ ਕਣਕ ਦੀ ਕਟਾਈ ਵਾਸਤੇ ਸੀ। ਸੀਜ਼ਨ ਖਤਮ ਹੋਣ ਤੋਂ ਬਾਅਦ ਇਹ ਮਜ਼ਦੂਰ ਵਾਪਸ ਪਰਤਣ ਦੀ ਥਾਂ ਇੱਥੇ ਹੀ ਰਹਿਣ ਲੱਗੇ ਤੇ ਹੌਲੀ-ਹੌਲੀ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਰੰਗੇ ਗਏ। ਉਹਨਾਂ ਦੇ ਬੱਚੇ ਪੰਜਾਬੀ ਬੋਲਦੇ ਤੇ ਪੰਜਾਬੀ ਸਕੂਲਾਂ ਵਿੱਚ ਪੜ੍ਹ ਰਹੇ ਹਨ ਪਰ ਪੰਜਾਬ ਵਿੱਚ ਸਿਆਸੀ ਤਬਦੀਲੀ ਦੇ ਨਾਲ-ਨਾਲ ਪੰਜਾਬ ਦੀ ਆਰਥਿਕਤਾ ਵਿੱਚ ਵੀ ਤਬਦੀਲੀ ਆਉਣੀ ਸ਼ੁਰੂ ਹੋ ਗਈ ਹੈ। ਖੇਤੀ ਖੇਤਰ ਵਿੱਚ ਮਸ਼ੀਨੀਕਰਨ ਹੋ ਗਿਆ ਹੈ। ਮਾਹਿਰ ਝੋਨੇ ਦੀ ਸਿੱਧੀ ਲੁਆਈ ਨੂੰ ਉਤਸ਼ਾਹਿਤ ਕਰ ਰਹੇ ਹਨ। ਫਸਲਾਂ ਦੀ ਬਿਜਾਈ ਅਤੇ ਵਾਢੀ ਮਸ਼ੀਨਾਂ/ਕੰਬਾਈਨਾਂ ਨਾਲ ਹੋਣ ਲੱਗੀ ਹੈ ਜਿਸ ਕਾਰਨ ਖੇਤੀ ਵਿੱਚ ਮਜ਼ਦੂਰਾਂ ਦਾ ਕੰਮ ਕਾਫ਼ੀ ਹੱਦ ਤਕ ਘਟ ਗਿਆ ਹੈ। ਫੈਕਟਰੀਆਂ/ਉਦਯੋਗਾਂ ਵਿੱਚ ਵੀ ਮਜ਼ਦੂਰਾਂ ਦੀ ਮੰਗ ਘਟ ਗਈ ਹੈ। ਅੰਮ੍ਰਿਤਸਰ ਅਤੇ ਬਟਾਲਾ ਵਿੱਚ ਉਦਯੋਗ ਬੰਦ ਹੋ ਗਏ ਹਨ। ਇਸ ਦਾ ਪ੍ਰਭਾਵ ਜਲੰਧਰ, ਗੁਰਾਇਆ, ਫਗਵਾੜਾ ਅਤੇ ਲੁਧਿਆਣਾ ਦੇ ਸ਼ਹਿਰਾਂ ਵਿੱਚ ਵੀ ਨਜ਼ਰ ਆਉਂਦਾ ਹੈ। ਮੰਡੀ ਗੋਬਿੰਦਗੜ੍ਹ ਵਿੱਚੋਂ ਲੋਹੇ ਦਾ ਉਦਯੋਗ ਲਗਭਗ ਖ਼ਤਮ ਹੋ ਚੁੱਕਾ ਹੈ। ਕਾਫੀ ਉਦਯੋਗਿਕ ਇਕਾਈਆਂ ਹਿਮਾਚਲ ਪ੍ਰਦੇਸ਼, ਹਰਿਆਣਾ ਯੂਪੀ ਆਦਿ ਦੂਜੇ ਰਾਜਾਂ ਵੱਲ ਪਲਾਇਨ ਕਰ ਗਈਆਂ ਹਨ। ਪੰਜਾਬ ਵਿੱਚ ਸਰਕਾਰੀ ਨਿਵੇਸ਼ ਦੇ ਨਾਲ-ਨਾਲ ਨਿੱਜੀ ਨਿਵੇਸ਼ ਦੀ ਦਰ ਬਹੁਤ ਘਟ ਗਈ ਹੈ ਜਿਸ ਕਾਰਨ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ 27% ਤਕ ਹੋ ਗਈ ਹੈ; ਦੇਸ਼ ਵਿੱਚ ਇਹ ਦਰ 22% ਹੈ। ਇਸ ਕਾਰਨ ਬਾਹਰਲੇ ਰਾਜਾਂ ਤੋਂ ਪੰਜਾਬ ਵੱਲ ਪਰਵਾਸ ਕਰਨ ਦੀ ਸੰਭਾਵਨਾ ਘਟਦੀ ਨਜ਼ਰ ਆਉਂਦੀ ਹੈ। ਇਸ ਲਈ ਇਹ ਧਾਰਨਾ ਬਣਾਉਣੀ ਕਿ ਪੰਜਾਬ ਵਿੱਚ ਬਾਹਰੋਂ ਆਏ ਪਰਵਾਸੀਆਂ ਖਾਸ ਤੌਰ ‘ਤੇ ਪਰਵਾਸੀ ਮਜ਼ਦੂਰਾਂ ਕਾਰਨ ਪੰਜਾਬ ਦੀ ਆਬਾਦੀ ਦਾ ਸਮੀਕਰਨ ਬਦਲ ਗਿਆ ਹੈ, ਜਾਂ ਇੱਥੇ ਇੱਕ ਧਰਮ ਜਾਂ ਫਿਰਕੇ ਦੇ ਲੋਕ ਆ ਕੇ ਕਾਬਜ਼ ਹੋ ਰਹੇ ਹਨ, ਠੀਕ ਨਹੀਂ ਲਗਦਾ।

ਇਹ ਸਹੀ ਹੈ ਕਿ ਪੰਜਾਬ ਦੇ ਪਿੰਡ ਉੱਜੜ ਰਹੇ ਹਨ, ਨੌਜਵਾਨ ਬਾਹਰ ਜਾ ਰਹੇ ਹਨ, ਘਰ ਖਾਲੀ ਹੋ ਰਹੇ ਹਨ। ਜੇ ਅਸੀਂ ਆਪਣਾ ਉੱਜੜਦਾ ਪੰਜਾਬ ਤੇ ਸੱਭਿਆਚਾਰ ਬਚਾਉਣਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਨੀਅਤ ਸਾਫ ਕਰਦੇ ਹੋਏ ਰਾਜ ਨੂੰ ਸਾਫ ਸੁਥਰਾ ਸ਼ਾਸਨ ਪ੍ਰਸ਼ਾਸਨ ਦੇਣਾ ਹੋਵੇਗਾ। ਨੌਜਵਾਨਾਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨੇ ਅਤੇ ਰੁਜ਼ਗਾਰ ਦੇ ਮਿਆਰ ਵਿੱਚ ਸੁਧਾਰ ਕਰਨਾ ਲਾਜ਼ਮੀ ਹੈ। ਸਵੈ-ਰੁਜ਼ਗਾਰ ਦੀ ਸਿਖਲਾਈ ਲਈ ਕਿੱਤਾ ਮੁਖੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਪਏਗਾ। ਛੋਟੇ ਅਤੇ ਸਵੈ-ਰੁਜ਼ਗਾਰ ਸ਼ੁਰੂ ਕਰਨ ਵਾਸਤੇ ਨੌਜਵਾਨਾਂ ਨੂੰ ਘੱਟੋ-ਘੱਟ ਵਿਆਜ ਦਰ ‘ਤੇ ਵਿਤੀ ਸਹਾਇਤਾ ਦੇਣੀ ਚਾਹੀਦੀ ਹੈ। ਵਾਅਦੇ ਅਨੁਸਾਰ, ਪੰਜਾਬ ਨੂੰ ਪਹਿਲ ਦੇ ਆਧਾਰ ‘ਤੇ ਨਸ਼ਾ ਮੁਕਤ ਕਰਨਾ ਜ਼ਰੂਰੀ ਹੈ। ਸਮਾਜਿਕ ਸੁਰੱਖਿਆ ਤੇ ਰਿਟਾਇਰਮੈਂਟ ਲਾਭਾਂ ਦਾ ਢੁੱਕਵਾਂ ਪ੍ਰਬੰਧ ਕਰਨਾ ਵੀ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਤੋਂ ਵੀ ਵੱਧ ਅਹਿਮ ਹੈ, ਅਮਨ ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਕਰ ਕੇ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਉਂਝ ਵੀ ਵਿਦੇਸ਼ਾਂ ਵਿੱਚ ਹੁਣ ਪਰਵਾਸ ਨਿਯਮ ਬਦਲ ਰਹੇ ਹਨ। ਵਿਦੇਸ਼ਾਂ ਵਿੱਚ ਜਦੋਂ ਵੀ ਜਿਸ ਪ੍ਰਕਾਰ ਦੇ ਨੌਜਵਾਨਾਂ ਦੀ ਜ਼ਰੂਰਤ ਹੁੰਦੀ ਹੈ, ਉਹ ਆਪਣੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹ ਦਿੰਦੇ ਹਨ। ਜਦੋਂ ਉਹਨਾਂ ਦੀ ਮੰਗ ਪੂਰੀ ਹੋ ਜਾਂਦੀ ਹੈ, ਉਹ ਪਰਵਾਸ ਲਈ ਦਰਵਾਜ਼ੇ ਬੰਦ ਕਰ ਦਿੰਦੇ ਹਨ ਜਾਂ ਅਗਾਂਹ ਵਾਸਤੇ ਵਰਕ ਪਰਮਿਟ ਦੇਣੇ ਬੰਦ ਕਰ ਦਿੰਦੇ ਹਨ। ਇਸ ਲਈ ਜ਼ਰੂਰੀ ਹੈ, ਨੌਜਵਾਨੀ ਨੂੰ ਪੰਜਾਬ ਵਿੱਚ ਰੱਖਣ ਵਾਸਤੇ ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਪੰਜਾਬ ਤੋਂ ਹੋਣ ਵਾਲੇ ਵਿੱਤੀ ਅਤੇ ਮਨੁੱਖੀ ਸਰਮਾਏ ਦੇ ਪਰਵਾਸ ਨੂੰ ਠੱਲ੍ਹ ਪਾ ਕੇ ਪੰਜਾਬ ਦੇ ਵਿਕਾਸ ਨੂੰ ਮੁੜ ਲੀਹਾਂ ‘ਤੇ ਲਿਆਉਣਾ ਸਮੇਂ ਦੀ ਜ਼ਰੂਰਤ ਹੈ।

# ਭਾਰਤ ਦੇ ਮਾਫ਼ਕ ਲੱਗਦੈ ਟਰੰਪ ਪ੍ਰਸ਼ਾਸਨ

ਰਾਸ਼ਟਰਪਤੀ ਚੋਣਾਂ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਨੇ ਆਪਣੇ ਪ੍ਰਸ਼ਾਸਨ ਨੂੰ ਆਕਾਰ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਉਨ੍ਹਾਂ ਦੇ ਵਿਆਪਕ ਦ੍ਰਿਸ਼ਟੀਕੋਣ ਅਤੇ ਭਾਵੀ ਨੀਤੀਆਂ ਦੀ ਵੀ ਕੁਝ ਝਲਕ ਦਿਖਾਈ ਦਿੰਦੀ ਹੈ। ਅਮਰੀਕਾ ਕਿਉਂਕਿ ਇਕ ਬਹੁਤ ਹੀ ਤਲਖ਼ ਅਤੇ ਤਣਾਅ ਭਰੇ ਚੁਣਾਵੀ ਦੌਰ ‘ਚੋਂ ਗੁਜ਼ਰਿਆ ਹੈ ਤਾਂ ਨਵੇਂ ਪ੍ਰਸ਼ਾਸਨ ‘ਤੇ ਵੀ ਉਸ ਦੀ ਤਤਕਾਲੀ ਛਾਪ ਦਿਖਾਈ ਦੇ ਰਹੀ ਹੈ।

ਆਪਣੇ ਨਵੇਂ ਪ੍ਰਸ਼ਾਸਨ ਦੀ ਚੋਣ ਵਿਚ ਸਪਸ਼ਟ ਹੈ ਕਿ ਡੋਨਾਲਡ ਟਰੰਪ ਨੇ ਉਨ੍ਹਾਂ ਮੁੱਦਿਆਂ ‘ਤੇ ਤੇਜ਼ ਲੋਕਾਂ ਨੂੰ ਚੁਣਿਆ ਹੈ ਜਿਨ੍ਹਾਂ ਨੂੰ ਉਸ ਨੇ ਆਪਣੀ ਚੋਣ ਮੁਹਿੰਮ ਦੇ ਕੇਂਦਰ ਵਿਚ ਰੱਖਿਆ ਸੀ। ਨਾਲ ਹੀ ਆਪਣੇ ਵਫ਼ਾਦਾਰਾਂ ‘ਤੇ ਵੀ ਉਨ੍ਹਾਂ ਨੇ ਭਰਪੂਰ ਮਿਹਰਬਾਨੀ ਕੀਤੀ ਹੈ। ਅਗਲੇ ਸਾਲ ਦੀ ਸ਼ੁਰੂਆਤ ਵਿਚ ਜਦ ਬਤੌਰ ਰਾਸ਼ਟਰਪਤੀ ਉਹ ਦੂਜਾ ਕਾਰਜਕਾਲ ਸ਼ੁਰੂ ਕਰਨਗੇ ਤਾਂ ਸੂਜੀ ਵਾਈਲਜ਼ ਉਨ੍ਹਾਂ ਦੀ ਚੀਫ ਆਫ ਸਟਾਫ ਦੀ ਭੂਮਿਕਾ ਵਿਚ ਰਹੇਗੀ। ਇਹ ਅਹੁਦਾ ਸੰਭਾਲਣ ਵਾਲੀ ਵਾਈਲਜ਼ ਪਹਿਲੀ ਮਹਿਲਾ ਹੋਵੇਗੀ।

ਉਹ ਟਰੰਪ ਦੀ ਚੋਣ ਮੁਹਿੰਮ ਸੰਚਾਲਨ ਦੇ ਮੋਹਰੀ ਲੋਕਾਂ ਨਾਲ ਜੁੜੀ ਰਹੀ ਅਤੇ ਉਸ ਦੀ ਸਫਲਤਾ ਤੇ ਸੰਗਠਿਤ ਚੋਣ ਮੁਹਿੰਮ ਦਾ ਸਿਹਰਾ ਇਕ ਵੱਡੀ ਹੱਦ ਤੱਕ ਵਾਈਲਜ਼ ਨੂੰ ਦਿੱਤਾ ਜਾ ਰਿਹਾ ਹੈ। ਜਿੱਥੇ ਤੱਕ ਟਰੰਪ ਦੇ ਮੂਲ ਮੁੱਦਿਆਂ ਦੀ ਗੱਲ ਹੈ ਤਾਂ ਪੂਰੀ ਚੋਣ ਮੁਹਿੰਮ ਵਿਚ ਹੀ ਉਨ੍ਹਾਂ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਮੁੱਦਾ ਕੇਂਦਰ ਵਿਚ ਰੱਖਿਆ। ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਟਰੰਪ ਅਮਰੀਕਾ ਦੀ ਕੌਮੀ ਸੁਰੱਖਿਆ ਤੋਂ ਲੈ ਕੇ ਅਮਰੀਕੀ ਨਾਗਰਿਕਾਂ ਲਈ ਖ਼ਤਰਾ ਵੀ ਮੰਨਦੇ ਹਨ। ਚੋਣ ਜਿੱਤਣ ਤੋਂ ਬਾਅਦ ਵੀ ਉਨ੍ਹਾਂ ਨੇ ਕਈ ਵਾਰ ਦੁਹਰਾਇਆ ਹੈ ਕਿ ਉਨ੍ਹਾਂ ਦਾ ਪ੍ਰਸ਼ਾਸਨ ਲਗਪਗ ਇਕ ਕਰੋੜ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਖਦੇੜ ਕੇ ਹੀ ਦਮ ਲਵੇਗਾ।

ਇੰਨੇ ਵੱਡੇ ਪੈਮਾਨੇ ‘ਤੇ ਮੁਹਿੰਮ ਚਲਾਉਣ ਦੇ ਰਾਹ ਵਿਚ ਆਉਣ ਵਾਲੇ ਸੰਭਾਵੀ ਅੜਿੱਕਿਆਂ ਨੂੰ ਦਰਕਿਨਾਰ ਕਰਦੇ ਹੋਏ ਟਰੰਪ ਨੇ ਕਿਹਾ ਕਿ ਇਸ ਮੁਹਿੰਮ ਦੀਆਂ ਜਟਿਲਤਾਵਾਂ ਤੇ ਲਾਗਤ ਦੀ ਉਨ੍ਹਾਂ ਨੂੰ ਪਰਵਾਹ ਨਹੀਂ ਅਤੇ ਇਸ ਨੂੰ ਕਿਸੇ ਵੀ ਤਰ੍ਹਾਂ ਅੰਜਾਮ ਦਿੱਤਾ ਜਾਵੇਗਾ। ਇਸ ਮੁਹਿੰਮ ਦੀ ਕਮਾਨ ਸੰਭਾਲਣ ਦਾ ਜ਼ਿੰਮਾ ਉਨ੍ਹਾਂ ਨੇ ਟੌਮ ਹੋਮਨ ਨੂੰ ਸੌਂਪਿਆ ਹੈ।

ਹੋਮਲੈਂਡ ਸਕਿਉਰਿਟੀ ਵਿਭਾਗ ਦੇ ਮੁਖੀ ਬਣੇ ਟੌਮ ਹੋਮਨ ਦਾ ਇਸ ਮੁੱਦੇ ‘ਤੇ ਹਮਲਾਵਰ ਰੌਂਅ ਕਿਸੇ ਤੋਂ ਲੁਕਿਆ ਨਹੀਂ ਹੈ। ਓਥੇ ਹੀ, ਉਪ ਨੀਤੀ ਪ੍ਰਮੁੱਖ ਦੇ ਰੂਪ ਵਿਚ ਸਟੀਵਨ ਮਿਲਰ ਕੋਲ ਵੀ ਇਸ ਦਾ ਇਕ ਵੱਡਾ ਦਾਰੋਮਦਾਰ ਹੋਵੇਗਾ। ਵਰਣਨਯੋਗ ਹੈ ਕਿ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਟਰੰਪ ਨੇ ਆਪਣਾ ਚੋਣ ਮੁੱਦਾ ਬਣਾਇਆ ਸੀ।

ਅਮਰੀਕਾ ਦੇ ਨਾਗਰਿਕ ਵੀ ਪਰਵਾਸੀਆਂ ਨੂੰ ਵੱਡੇ ਪੱਧਰ ‘ਤੇ ਨਾਗਰਿਕਤਾ ਦੇਣ ਦੇ ਵਿਰੁੱਧ ਹਨ। ਅਮਰੀਕੀ ਰਾਜਨੀਤੀ ਵਿਚ ਵਿਦੇਸ਼ ਨੀਤੀ ਦੀ ਆਪਣੀ ਮਹੱਤਤਾ ਹੈ ਤੇ ਰਾਸ਼ਟਰਪਤੀ ਤੋਂ ਬਾਅਦ ਪ੍ਰਸ਼ਾਸਨ ‘ਚ ਜੇ ਸਭ ਤੋਂ ਵੱਧ ਨਜ਼ਰਾਂ ਕਿਸੇ ਨਿਯੁਕਤੀ ‘ਤੇ ਲੱਗੀਆਂ ਹੁੰਦੀਆਂ ਹਨ ਤਾਂ ਸੰਭਵ ਤੌਰ ‘ਤੇ ਉਹ ਵਿਦੇਸ਼ ਮੰਤਰੀ ਦਾ ਅਹੁਦਾ ਹੁੰਦਾ ਹੈ। ਇਸ ਦਾ ਇਕ ਵੱਡਾ ਕਾਰਨ ਬਾਕੀ ਦੁਨੀਆ ਨਾਲ ਅਮਰੀਕਾ ਦੀ ਸਰਗਰਮੀ ਅਤੇ ਉਸ ਦਾ ਆਲਮੀ ਅਸਰ ਹੈ।

ਇਸ ਅਹੁਦੇ ਲਈ ਟਰੰਪ ਨੇ ਸੈਨੇਟਰ ਮਾਰਕੋ ਰੂਬੀਓ ਨੂੰ ਚੁਣਿਆ ਹੈ ਅਤੇ ਉਨ੍ਹਾਂ ਦੀ ਚੋਣ ਦੀ ਵਜ੍ਹਾ ਵੀ ਇਕਦਮ ਸਪਸ਼ਟ ਹੈ ਕਿ ਉਹ ਚੀਨ ਤੋਂ ਲੈ ਕੇ ਈਰਾਨ ਤੱਕ ਸਖ਼ਤ ਵਿਦੇਸ਼ ਨੀਤੀ ਬਣਾਉਣ ਦੀ ਵਕਾਲਤ ਕਰਦੇ ਆਏ ਹਨ।

ਟਰੰਪ ਚੀਨ ਨੂੰ ਅਮਰੀਕੀ ਚੜ੍ਹਤ ਲਈ ਸਭ ਤੋਂ ਵੱਡਾ ਖ਼ਤਰਾ ਮੰਨਦੇ ਹਨ ਅਤੇ ਉਸ ਦੀ ਕਾਟ ਤਲਾਸ਼ਣ ਦਾ ਜ਼ਿੰਮਾ ਰੂਬੀਓ ‘ਤੇ ਹੋਵੇਗਾ। ਇਸੇ ਤਰ੍ਹਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਯਾਨੀ ਐੱਨਐੱਸਏ ਅਹੁਦੇ ‘ਤੇ ਵੀ ਲੋਕਾਂ ਦੀਆਂ ਨਜ਼ਰਾਂ ਟਿਕੀਆਂ ਹੁੰਦੀਆਂ ਹਨ। ਉਸ ਵਾਸਤੇ ਟਰੰਪ ਨੇ ਤਮਾਮ ਚਰਚਿਤ ਨਾਵਾਂ ਦੌਰਾਨ ਮਾਈਕ ਵਾਲਟਜ਼ ਨੂੰ ਚੁਣਿਆ ਹੈ ਜੋ ਚੀਨ ਤੋਂ ਲੈ ਕੇ ਪਾਕਿਸਤਾਨ ਪ੍ਰਤੀ ਸਖ਼ਤ ਰਵੱਈਏ ਲਈ ਜਾਣੇ ਜਾਂਦੇ ਹਨ। ਵਾਲਟਜ਼ ਇੰਡੀਆ ਕਾਕਸ ਯਾਨੀ ਭਾਰਤ ਦੇ ਪੱਖ ਵਿਚ ਆਵਾਜ਼ ਬੁਲੰਦ ਕਰਨ ਵਾਲੇ ਮੰਚ ਦੇ ਬੇਹੱਦ ਸਰਗਰਮ ਮੈਂਬਰ ਰਹੇ ਹਨ। ਖ਼ੁਫ਼ੀਆ ਵਿਭਾਗ ਦੀ ਨਿਰਦੇਸ਼ਕ ਦੇ ਤੌਰ ‘ਤੇ ਹਿੰਦੂ ਅਮਰੀਕੀ ਤੁਲਸੀ ਗੋਬਾਰਡ ਦੀ ਚੋਣ ਵੀ ਬਹੁਤ ਕੁਝ ਸੰਦੇਸ਼ ਦਿੰਦੀ ਹੈ। ਗੋਬਾਰਡ ਇਹੀ ਮੰਨਦੀ ਆਈ ਹੈ ਕਿ ਅਮਰੀਕਾ ਨੂੰ ਵਿਸ਼ਵ ਵਿਚ ਬਹੁਤ ਜ਼ਿਆਦਾ ਦਖ਼ਲਅੰਦਾਜ਼ੀ ਕਰਨ ਤੋਂ ਬਚਣਾ ਚਾਹੀਦਾ ਹੈ।

ਉਸ ਦਾ ਇਹ ਦ੍ਰਿਸ਼ਟੀਕੋਣ ਟਰੰਪ ਦੀਆਂ ਵਿਆਪਕ ਨੀਤੀਆਂ ਨਾਲ ਕਾਫ਼ੀ ਮੇਲ ਖਾਂਦਾ ਹੈ ਅਤੇ ਉਹ ਇਸ ਅਹਿਮ ਅਹੁਦੇ ਲਈ ਪਹਿਲੀ ਪਸੰਦ ਬਣਨ ਵਿਚ ਕਾਮਯਾਬ ਰਹੀ। ਸਿਹਤ ਮੰਤਰੀ ਲਈ ਰਾਬਰਟ ਕੈਨੇਡੀ ਜੂਨੀਅਰ ਦੀ ਚੋਣ ਵੀ ਕਾਫ਼ੀ ਚਰਚਾ ਵਿਚ ਹੈ।

ਸਿਹਤ ਨੂੰ ਲੈ ਕੇ ਰਵਾਇਤੀ ਦ੍ਰਿਸ਼ਟੀਕੋਣ ਰੱਖਣ ਵਾਲੇ ਕੈਨੇਡੀ ਜੂਨੀਅਰ ਵੈਕਸੀਨ ਨਾਲ ਜੁੜੀ ਮੁਹਿੰਮ ਨੂੰ ਲੈ ਕੇ ਵੀ ਚਰਚਾ ਵਿਚ ਰਹਿ ਚੁੱਕੇ ਹਨ। ਇਨ੍ਹਾਂ ਤਮਾਮ ਨਿਯੁਕਤੀਆਂ ਦੌਰਾਨ ਰੱਖਿਆ ਮੰਤਰੀ ਦੇ ਤੌਰ ‘ਤੇ ਪੀਟ ਹੈਗਸੇਥ ਦੀ ਚੋਣ ਜ਼ਰੂਰ ਕੁਝ ਹੈਰਾਨ ਕਰਨ ਵਾਲੀ ਰਹੀ। ਇਸ ਅਹਿਮ ਜ਼ਿੰਮੇਵਾਰੀ ਲਈ ਹੇਗਸੇਥ ਕੋਲ ਬਹੁਤ ਜ਼ਿਆਦਾ ਪ੍ਰਸ਼ਾਸਕੀ ਤਜਰਬਾ ਨਹੀਂ ਹੈ ਅਤੇ ਹਾਲ ਤੱਕ ਉਹ ਇਕ ਟਿੱਪਣੀਕਾਰ ਦੇ ਰੂਪ ਵਿਚ ਹੀ ਸਰਗਰਮ ਰਹੇ। ਉਨ੍ਹਾਂ ਦੀ ਨਿਯੁਕਤੀ ‘ਤੇ ਰਿਪਬਲਿਕਨ ਖੇਮੇ ਵਿੱਚੋਂ ਹੀ ਕੁਝ ਸਵਾਲ ਵੀ ਉੱਠੇ ਪਰ ਟਰੰਪ ਦੀ ਸ਼ਖ਼ਸੀਅਤ ਨੂੰ ਦੇਖਦੇ ਹੋਏ ਅਜਿਹੇ ਸਵਾਲ ਸਤ੍ਹਾ ‘ਤੇ ਹੀ ਤੈਰਦੇ ਰਹੇ।

ਟਰੰਪ ਜਿਸ ਤਰ੍ਹਾਂ ਦੇ ਨੇਤਾ ਹਨ, ਉਸ ਨੂੰ ਦੇਖਦੇ ਹੋਏ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਜੋ ਉਹ ਆਖ ਰਹੇ ਹਨ, ਉਸ ਨੂੰ ਤਣ-ਪੱਤਣ ਲਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਦੇ ਅੜਬ ਸੁਭਾਅ ਨੂੰ ਉਨ੍ਹਾਂ ਦੇ ਪਿਛਲੇ ਕਾਰਜਕਾਲ ਵਿਚ ਖ਼ੂਬ ਦੇਖਿਆ ਗਿਆ ਸੀ। ਹੁਣ ਵੀ ਉਨ੍ਹਾਂ ਦੇ ਉਹੀ ਤੇਵਰ ਦੇਖਣ ਨੂੰ ਮਿਲ ਸਕਦੇ ਹਨ।

ਟਰੰਪ ਦੇ ਪ੍ਰਸ਼ਾਸਨ ਦੇ ਇਸ ਸਰੂਪ ਨੂੰ ਦੇਖਦੇ ਹੋਏ ਕੁਝ ਜਾਣਕਾਰ ਇਹ ਕਹਿ ਰਹੇ ਹਨ ਕਿ ਨਵੇਂ ਚੁਣੇ ਰਾਸ਼ਟਰਪਤੀ ਨੇ ਮੁਹਾਰਤ ਜਾਂ ਕਾਬਲੀਅਤ ‘ਤੇ ਵਫ਼ਾਦਾਰੀ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਦੀ ਟੀਮ ਵਿਚ ਚੀਫ ਆਫ ਸਟਾਫ ਤੋਂ ਲੈ ਕੇ ਐੱਨਐੱਸਏ ਤੱਕ ਸਾਰੇ ਨਾਂ ਅਜਿਹੇ ਹਨ ਜੋ ਲੰਬੇ ਸਮੇਂ ਤੋਂ ਉਨ੍ਹਾਂ ਦੇ ਵਫ਼ਾਦਾਰ ਰਹੇ।

ਇੱਥੋਂ ਤੱਕ ਕਿ ਬੜੇ ਜੋਸ਼ੋ-ਖਰੋਸ਼ ਨਾਲ ਉਨ੍ਹਾਂ ਦੀ ਚੋਣ ਮੁਹਿੰਮ ਦਾ ਸਮਰਥਨ ਕਰ ਰਹੇ ਦਿੱਗਜ ਸਨਅਤਕਾਰ ਐਲਨ ਮਸਕ ਲਈ ਤਾਂ ਟਰੰਪ ਨੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ ਵਰਗੇ ਨਵੇਂ ਵਿਭਾਗ ਦਾ ਗਠਨ ਕਰ ਦਿੱਤਾ ਹੈ ਜਿਸ ਵਿਚ ਭਾਰਤੀ ਮੂਲ ਦੇ ਅਮਰੀਕੀ ਵਿਵੇਕ ਰਾਮਾਸਵਾਮੀ ਉਨ੍ਹਾਂ ਦੇ ਜੋੜੀਦਾਰ ਹੋਣਗੇ। ਚੋਣਾਂ ਦੌਰਾਨ ਇੰਟਰਨੈੱਟ ਮੀਡੀਆ ‘ਤੇ ਡੀਓਜੀਈ ਦੇ ਰੂਪ ਵਿਚ ਸਾਹਮਣੇ ਆਇਆ ਇਹ ਸ਼ਗੂਫਾ ਹੁਣ ਸਾਕਾਰ ਰੂਪ ਲੈ ਚੁੱਕਾ ਹੈ। ਟਰੰਪ ਪ੍ਰਸ਼ਾਸਨ ਵਿਚ ਜੇ ਕਿਸੇ ਇਕ ਪਹਿਲ ‘ਤੇ ਸਭ ਤੋਂ ਵੱਧ ਨਜ਼ਰਾਂ ਟਿਕੀਆਂ ਹੋਈਆਂ ਹਨ ਤਾਂ ਉਹ ਇਹੀ ਵਿਭਾਗ ਹੈ। ਇਸ ਵਿਭਾਗ ਨੂੰ ਜ਼ਿੰਮਾ ਦਿੱਤਾ ਗਿਆ ਹੈ ਕਿ ਉਹ ਸਰਕਾਰੀ ਫ਼ਜ਼ੂਲਖ਼ਰਚੀ ਦੀ ਪਛਾਣ ਕਰ ਕੇ ਉਸ ਨੂੰ ਘਟਾਉਣ ਦੇ ਉਪਾਅ ਤਲਾਸ਼ੇ। ਇਸ ਵਾਸਤੇ ਰਾਸ਼ਟਰਪਤੀ ਟਰੰਪ ਨੇ ਐਲਨ ਮਸਕ ਅਤੇ ਵਿਵੇਕ ਰਾਮਾਸਵਾਮੀ ਨੂੰ ਜੁਲਾਈ 2026 ਤੱਕ ਦਾ ਸਮਾਂ ਦਿੱਤਾ ਹੈ।

ਇਸੇ ਸਾਲ ਅਮਰੀਕਾ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾਏਗਾ। ਸਰਕਾਰੀ ਖ਼ਰਚੇ ਨੂੰ ਘਟਾਉਣਾ ਵੀ ਟਰੰਪ ਦੇ ਪ੍ਰਮੁੱਖ ਚੋਣ ਮੁੱਦਿਆਂ ‘ਚੋਂ ਇਕ ਰਿਹਾ ਹੈ। ਭਾਰਤ ਦੇ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ ਤਾਂ ਟਰੰਪ ਪ੍ਰਸ਼ਾਸਨ ਦੀ ਨਵੀਂ ਤਸਵੀਰ ਉਸ ਵਾਸਤੇ ਉਮੀਦਾਂ ਜਗਾਉਣ ਵਾਲੀ ਹੈ। ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨਾਲ ਨਾ ਸਿਰਫ਼ ਭਾਰਤ ਦੇ ਇਕ ਵੱਡੇ ਲਾਭਪਾਤਰੀ ਬਣਨ ਦੇ ਆਸਾਰ ਹਨ ਬਲਕਿ ਭੂ-ਰਾਜਨੀਤਕ ਮੋਰਚੇ ‘ਤੇ ਵੀ ਉਸ ਦਾ ਕੱਦ ਵਧੇਗਾ।

ਟਰੰਪ ਪ੍ਰਸ਼ਾਸਨ ਵਿਚ ਜ਼ਿਆਦਾਤਰ ਚਿਹਰੇ ਭਾਰਤ ਸਮਰਥਕ ਹਨ। ਇਸ ਤੋਂ ਵੀ ਵਧ ਕੇ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਨਿੱਘੇ ਸਬੰਧਾਂ ਕਾਰਨ ਇਹ ਦੁਵੱਲੀ ਸਾਂਝ ਆਉਣ ਵਾਲੇ ਦਿਨਾਂ ਵਿਚ ਨਵੀਂ ਉੱਚਾਈ ‘ਤੇ ਪੁੱਜ ਸਕਦੀ ਹੈ।

ਚੀਨੀ ਹਮਲਾਵਰ ਰੁਖ਼ ਅਤੇ ਵਿਸਥਾਰਵਾਦ ਸਮੇਤ ਕਈ ਮੁੱਦਿਆਂ ‘ਤੇ ਦੋਵੇਂ ਸਰਕਾਰਾਂ ਦੀ ਸੋਚ ਵੀ ਇਕਸਮਾਨ ਹੈ। ਟਰੰਪ ਪ੍ਰਸ਼ਾਸਨ ਕਿਉਂਕਿ ਚੀਨ ਦੇ ਵਿਰੁੱਧ ਹੋਰ ਹਮਲਾਵਰ ਰੁਖ਼ ਅਪਣਾਵੇਗਾ ਤਾਂ ਇਸ ਤੋਂ ਉਪਜਣ ਵਾਲੀ ਸਥਿਤੀ ਵਿਚ ਉਸ ਨੂੰ ਭਾਰਤ ਦੀ ਕਿਤੇ ਜ਼ਿਆਦਾ ਜ਼ਰੂਰਤ ਹੋਵੇਗੀ। ਹਿੰਦ-ਪ੍ਰਸ਼ਾਂਤ ਦੀ ਸੁਰੱਖਿਆ ਤੋਂ ਲੈ ਕੇ ਆਰਥਿਕ ਹਿੱਤਾਂ ਨੂੰ ਲੈ ਕੇ ਵੀ ਸਹਿਮਤੀ ਵਧਣ ਦੇ ਆਸਾਰ ਹਨ।